

ਹਰ ਦਿਨ ਪੰਜਾਬ ਭਰ 'ਚੋਂ ਅਦਾਰੇ ਨੂੰ ਮਿਲ ਰਹੇ ਪਿਆਰ ਅਤੇ ਸਹਿਯੋਗ ਦਾ ਦਿਲੋਂ ਧੰਨਵਾਦ

ਮੁੱਖ ਸੰਪਾਦਕ :- ਅਮਨਦੀਪ ਮਹਿਰਾ

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

(ਜਲੰਧਰ)

Email : lokbani08@gmail.com

ਬੁੱਧਵਾਰ, 8 ਸਿਤੰਬਰ 2021

R.N.I. Punpun/29016/2008 ✲ ਸਾਲ : 14 ✲ ਅੰਕ : 219 ✲ ਮੁੱਲ : 2.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111



ਰੋਜ਼ਾਨਾ ਪੰਜਾਬੀ ਅਖ਼ਬਾਰ 'ਲੋਕ ਬਾਣੀ'

ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਓ। ਆਪਣੇ ਨਜ਼ਦੀਕੀ ਸਟਾਲ ਅਤੇ ਹਾਕਰ ਤੋਂ ਪ੍ਰਾਪਤ ਕਰੋ ਅਤੇ ਕਿਸੇ ਕਿਸਮ ਦੀ ਪ੍ਰੇਸ਼ਾਨੀ ਲਈ ਹੇਠ ਲਿਖੇ ਨੰਬਰ 'ਤੇ ਸੰਪਰਕ ਕਰੋ।

0181-2211009


## 2100 ਸਰਕਾਰੀ ਬੱਸਾਂ ਦਾ ਸਮਾਂ ਮਿਸ ਹੋਣ ਨਾਲ 2.60 ਕਰੋੜ ਦਾ ਟਰਾਂਜੈਕਸ਼ਨ ਨੁਕਸਾਨ, ਯਾਤਰੀਆਂ 'ਚ ਹਾਹਾਕਾਰ

**ਜਲੰਧਰ/ਹਰਬੰਸ ਬਿੱਟੂ**




ਪਨਬੱਸ ਅਤੇ ਪੀ. ਆਰ. ਟੀ. ਸੀ. ਦੇ ਕਰਮਚਾਰੀਆਂ ਨੂੰ ਪੱਕਾ ਕਰਨ ਦੀ ਮੰਗ ਨੂੰ ਲੈ ਕੇ ਠੇਕਾ ਕਰਮਚਾਰੀ ਯੂਨੀਅਨ ਦੀ ਅਣਮਿੱਥੇ ਸਮੇਂ ਦੀ ਹੜਤਾਲ ਦੇ ਪਹਿਲੇ ਦਿਨ ਐਤਵਾਰ ਰਾਤੀਂ 12 ਵਜੇ ਤੋਂ ਲੈ ਕੇ ਸੋਮਵਾਰ ਰਾਤ 10 ਵਜੇ ਤੱਕ ਵਿਭਾਗ ਨੂੰ 2.60 ਕਰੋੜ ਤੋਂ ਵੱਧ ਦਾ ਟਰਾਂਸਜੈਕਸ਼ਨ ਨੁਕਸਾਨ ਹੋਇਆ ਅਤੇ ਆਸਾਨੀ ਨਾਲ ਬੱਸਾਂ ਨਾ ਮਿਲਣ ਕਾਰਨ ਬੱਸ ਅੱਡੇ ਵਿਚ ਪਹੁੰਚੇ ਯਾਤਰੀਆਂ 'ਚ ਹਾਹਾਕਾਰ ਮਚੀ ਰਹੀ।2100 ਤੋਂ ਵੱਧ ਸਰਕਾਰੀ ਬੱਸਾਂ ਨਾ ਚੱਲਣ ਕਾਰਨ ਕਾਊਂਟਰਾਂ ਤੋਂ ਚੱਲਣ ਵਾਲੀਆਂ ਸਰਕਾਰੀ ਬੱਸਾਂ ਦੇ 3700 ਤੋਂ ਵੱਧ ਟਾਈਮ ਮਿਸ ਹੋਏ ਕਿਉਂਕਿ ਇਸ ਦੌਰਾਨ ਸਰਕਾਰੀ ਬੱਸਾਂ ਕਾਊਂਟਰਾਂ 'ਤੇ ਹੀ ਨਹੀਂ ਪਹੁੰਚੀਆਂ। 6000 ਦੇ ਲਗਭਗ ਠੇਕਾ ਕਰਮਚਾਰੀਆਂ ਦੀ ਹੜਤਾਲ ਕਾਰਨ 80 ਫੀਸਦੀ ਤੋਂ ਵੱਧ ਸਰਕਾਰੀ ਬੱਸਾਂ ਦੀ ਆਵਾਜਾਈ ਠੱਪ ਰਹਿਣ ਕਾਰਨ ਯਾਤਰੀ ਇਧਰ-ਉਧਰ ਭਟਕਦੇ ਦੇਖੇ ਗਏ। ਇਸ ਦਾ ਮੁੱਖ ਕਾਰਨ ਇਹ ਹੈ ਕਿ ਬੱਸ ਅੱਡੇ ਵਿਚ ਸਾਰਾ ਦਿਨ ਵਧੇਰੇ ਕਾਊਂਟਰ ਖਾਲੀ ਨਜਰ ਆਏ। ਵਿਭਾਗ ਕੋਲ ਪੀ. ਆਰ. ਟੀ. ਸੀ., ਪਨਬੱਸ ਤੇ ਰੋਡਵੇਜ ਦੀਆਂ ਮਿਲਾ ਕੇ 2650 ਦੇ ਲਗਭਗ ਬੱਸਾਂ ਹਨ ਅਤੇ ਅਧਿਕਾਰੀਆਂ ਦਾ ਦਾਅਵਾ ਹੈ ਕਿ 25 ਫੀਸਦੀ ਬੱਸਾਂ ਦੀ ਆਵਾਜਾਈ ਹੋਈ, ਜਦੋਂ ਕਿ ਯੂਨੀਅਨ ਦਾ ਕਹਿਣਾ ਹੈ ਕਿ ਸਿਰਫ 15 ਫੀਸਦੀ ਬੱਸਾਂ ਹੀ ਚੱਲ ਸਕੀਆਂ ਕਿਉਂਕਿ ਸਰਕਾਰੀ ਬੱਸਾਂ ਚਲਾਉਣ ਵਾਲੇ ਡਰਾਈਵਰਾਂ ਦੀ ਗਿਣਤੀ ਮੁਤਾਬਕ 20 ਫੀਸਦੀ ਤੋਂ ਵੱਧ ਬੱਸਾਂ ਨਹੀਂ ਚੱਲ ਸਕਦੀਆਂ। ਜਲੰਧਰ ਡਿਪੂ ਵਿਚ ਤਾਇਨਾਤ 7 ਪੱਕੇ ਡਰਾਈਵਰਾਂ ਨੇ ਹੀ ਬੱਸਾਂ ਚਲਾਈਆਂ। ਹੜਤਾਲ ਨੂੰ ਲੈ ਕੇ ਪਨਬੱਸ ਅਤੇ ਪੀ. ਆਰ. ਟੀ. ਸੀ. ਕਰਮਚਾਰੀਆਂ ਨੇ ਡਿਪੂ ਨੰਬਰ-1 ਅੰਦਰ ਰੋਸ ਪ੍ਰਦਰਸ਼ਨ ਕਰਦਿਆਂ ਸਰਕਾਰ ਖਲਿਾਫ ਜੰਮ ਕੇ ਭੜਾਸ ਕੱਢੀ ਅਤੇ ਚੋਣਾਂ ਵਿਚ ਸਬਕ ਸਿਖਾਉਣ ਦੀ ਚਿਤਾਵਨੀ ਦਿੱਤੀ। ਠੇਕਾ ਕਰਮਚਾਰੀਆਂ ਵੱਲੋਂ ਮੰਗਾਂ ਪੂਰੀਆਂ ਹੋਣ ਤੱਕ ਡਿਪੂ-1 ਵਿਚ ਰੋਜਾਨਾ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਸਰਕਾਰ ਦੀਆਂ ਨੀਤੀਆਂ ਦੀ ਪੋਲ ਖੋਲ੍ਹੀ ਜਾਵੇਗੀ। ਯੂਨੀਅਨ ਦੇ ਜਲੰਧਰ ਡਿਪੂ-1 ਦੇ ਚੇਅਰਮੈਨ ਜਸਬੀਰ ਸਿੰਘ, ਪ੍ਰਧਾਨ ਗੁਰਪ੍ਰੀਤ ਸਿੰਘ ਭੁੱਲਰ, ਜਨਰਲ ਸਕੱਤਰ ਚਾਨਣ ਸਿੰਘ, ਸਰਪ੍ਰਸਤ ਗੁਰਜੀਤ ਸਿੰਘ ਅਤੇ ਮੀਤ ਪ੍ਰਧਾਨ ਗੁਰਪ੍ਰਕਾਰ ਸਿੰਘ ਨੇ ਕਿਹਾ ਕਿ ਸਰਕਾਰ ਨੇ ਜਿਹੜਾ ਵਾਅਦਾ ਕੀਤਾ ਸੀ, ਉਸਨੂੰ ਪੂਰਾ ਨਹੀਂ ਕੀਤਾ ਗਿਆ, ਜਿਸ ਕਾਰਨ ਉਹ ਹੜਤਾਲ ਕਰਨ ਨੂੰ ਮਜਬੂਰ ਹਨ। ਕਰਮਚਾਰੀਆਂ ਦੀ ਹੜਤਾਲ ਕਾਰਨ ਹਾਲਾਤ ਅਜਿਹੇ ਬਣੇ ਹੋਏ ਹਨ ਕਿ ਡਿਪੂਆਂ ਦੇ ਅੰਦਰ ਬੱਸਾਂ ਖੜ੍ਹੀਆਂ ਕਰਨ ਲਈ ਵੀ ਜਗ੍ਹਾ ਨਹੀਂ ਬਚੀ ਸੀ।



## ਪਾਕਿਸਤਾਨ ਖਿਲਾਫ ਅਫਗਾਨਿਸਤਾਨ 'ਚ ਕੀਤਾ ਰੋਸ ਪ੍ਰਦਰਸ਼ਨ

**ਨਵੀਂ ਦਿੱਲੀ/ਲੋਕ ਬਾਣੀ**

ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿੱਚ ਕਈ ਅਫਗਾਨ ਵਸਨੀਕਾਂ ਨੇ ਪੰਜਸ਼ੀਰ ਸੂਬੇ 'ਤੇ ਤਾਲਿਬਾਨ ਵੱਲੋਂ ਕੀਤੇ ਕਬਜੇ ਦੌਰਾਨ ਪਾਕਿਸਤਾਨ ਵੱਲੋਂ ਕੀਤੇ ਗਏ ਹਵਾਈ ਹਮਲਿਆਂ ਖਲਿਾਫ ਪਾਕਿਸਤਾਨ ਦੇ ਸਫਾਰਤਖਾਨੇ ਦੇ ਬਾਹਰ ਅੱਜ ਰੋਸ ਪ੍ਰਦਰਸ਼ਨ ਕੀਤਾ। ਇਸੇ ਦੌਰਾਨ ਤਾਲਿਬਾਨ ਦੇ ਲੜਾਕਿਆਂ ਨੇ ਇਨ੍ਹਾਂ ਲੋਕਾਂ ਨੂੰ ਖਿੰਡਾਉਣ ਲਈ ਹਵਾ ਵਿੱਚ ਗੋਲੀਬਾਰੀ ਕੀਤੀ। ਇਨ੍ਹਾਂ ਲੋਕਾਂ ਨੇ ਕਿਹਾ ਕਿ ਉਹ ਅਫਗਾਨਿਸਤਾਨ ਵਿੱਚ ਕਿਸੇ ਹੋਰ ਦੇਸ਼ ਵੱਲੋਂ ਚਲਾਈ ਜਾ ਰਹੀ ਸਰਕਾਰ ਦਾ ਸਮਰਥਨ ਨਹੀਂ ਕਰਦੇ ਹਨ। ਲੋਕਾਂ ਦਾ ਇਹ ਇਕੱਠ ਤਾਲਿਬਾਨ ਖਲਿਾਫ ਪੰਜਸ਼ੀਰ ਵਿੱਚ ਜੰਗ ਲੜਨ ਵਾਲੇ ਆਗੂ ਅਹਿਮਦ ਮਸੂਦ ਵੱਲੋਂ ਭੇਜੇ ਗਏ ਇਕ ਸੁਨੇਹੇ ਮਗਰੋਂ ਹੋਇਆ ਜਿਸ ਵਿੱਚ ਉਨ੍ਹਾਂ ਨੇ ਤਾਲਿਬਾਨ ਖਲਿਾਫ ਅਫਗਾਨ ਵਾਸੀਆਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ ਹੈ। ਖਬਰ ਏਜੰਸੀ 'ਖਾਮਾ' ਅਨੁਸਾਰ ਪ੍ਰਦਰਸ਼ਨ ਕਰ ਰਹੇ ਅਫਗਾਨ ਵਾਸੀ ਪਾਕਿਸਤਾਨ ਖਲਿਾਫ ਨਾਅਰੇਬਾਜੀ ਕਰ ਰਹੇ ਸਨ ਤੇ ਪਾਕਿਸਤਾਨੀ ਸਫਾਰਤਖਾਨੇ ਨੂੰ ਅਫਗਾਨਿਸਤਾਨ ਤੋਂ ਬਾਹਰ ਜਾਣ ਦੀ ਅਪੀਲ ਕਰ ਰਹੇ ਸਨ।

## ਜਾਇਜ ਵੀਜਾ ਤੇ ਪਾਸਪੋਰਟ ਰੱਖਣ ਵਾਲੇ ਅਫਗਾਨ ਨਿਕਾਸੀ ਉਡਾਣਾਂ 'ਚ ਹੋ ਸਕਦੇ ਹਨ ਸਵਾਰ : ਤਾਲਿਬਾਨ

**ਕਾਬੁਲ/ਲੋਕ ਬਾਣੀ**

ਅਫਗਾਨਿਸਤਾਨ ਦੇ ਉੱਤਰੀ ਸ਼ਹਿਰ ਮਜਾਰ-ਏ-ਸ਼ਰੀਫ 'ਚ ਫਸੇ ਉਨ੍ਹਾਂ ਅਫਗਾਨਾਂ ਨੂੰ ਕੱਢਣ ਲਈ ਚਲਾਈਆਂ ਜਾ ਰਹੀਆਂ ਚਾਰਟਰਡ ਉਡਾਣਾਂ 'ਚ ਸਵਾਰ ਹੋਣ ਦੀ ਇਜਾਜਤ ਦਿੱਤੀ ਜਾਵੇਗੀ ਜਿਨ੍ਹਾਂ ਕੋਲ ਜਾਇਜ ਵੀਜਾ ਅਤੇ ਪਾਸਪੋਰਟ ਹੈ। ਇਹ ਜਾਣਕਾਰੀ ਸ਼ਹਿਰ ਦੇ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਤਾਇਨਾਤ ਤਾਲਿਬਾਨ ਦੇ ਇਕ ਅਹੁਦਾ ਅਧਿਕਾਰੀ ਨੇ ਮੰਗਲਵਾਰ ਨੂੰ ਦਿੱਤੀ ਮੌਲਵੀ ਹਫੀਜ ਮੰਸੂਰ ਨੇ ਕਿਹਾ ਕਿ ਚਾਰ ਨਿਕਾਸੀ ਉਡਾਣਾਂ 'ਚ ਸਵਾਰ ਹੋਣ ਦਾ ਇੰਤਜਾਰ ਕਰ ਰਹੇ ਜਆਿਦਾਤਰ ਅਫਗਾਨਾਂ ਕੋਲ ਨਾ ਤਾ ਵੀਜਾ ਹੈ ਅਤੇ ਨਾ ਹੀ ਪਾਸਪੋਰਟ ਹੈ। ਤਾਲਿਬਾਨ ਨੇ ਕਿਹਾ ਕਿ ਉਹ ਉਨ੍ਹਾਂ ਹੀ ਅਫਗਾਨਾਂ ਨੂੰ ਦੇਸ਼ ਛੱਡਣ ਦੀ ਇਜਾਜਤ ਦੇਵੇਗਾ ਜਿਸ ਕੋਲ ਪਾਸਪੋਰਟ ਅਤੇ ਜਾਇਜ ਵੀਜਾ ਹੈ। ਮੰਸੂਰ ਨੇ ਇਹ ਨਹੀਂ ਦੱਸਿਆ ਕਿ ਜਾਇਜ ਦਸਤਾਵੇਜ ਰੱਖਣ ਵਾਲੇ ਅਤੇ ਬਿਨਾਂ ਦਸਤਾਵੇਜਾਂ ਦੇ ਕਿੰਨੇ ਅਫਗਾਨ ਹਨ ਜੋ ਦੇਸ਼ ਛੱਡਣ ਲਈ ਨਿਕਾਸੀ ਉਡਾਣਾਂ ਦਾ ਇੰਤਜਾਰ ਕਰ ਰਹੇ ਹਨ।

ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਰੀ ਬਲਿੰਕੇਨ ਨੇ ਕਤਰ 'ਚ ਕਿਹਾ ਕਿ ਤਾਲਿਬਾਨ ਨੇ ਭਰੋਸਾ ਦਿੱਤਾ ਕਿ ਉਹ ਉਨ੍ਹਾਂ ਲੋਕਾਂ ਨੂੰ ਸੁਰੱਖਿਅਤ ਰਸਤਾ ਦੇਵੇਗਾ ਜਿਨ੍ਹਾਂ ਕੋਲ ਜਾਇਜ ਦਸਤਾਵੇਜ ਹਨ ਅਤੇ ਉਹ ਅਫਗਾਨਿਸਤਾਨ ਛੱਡਣਾ ਚਾਹੁੰਦੇ ਹਨ। ਉਨ੍ਹਾਂ ਨੇ ਕਿਹਾ ਕਿ ਅਮਰੀਕਾ ਤਾਲਿਬਾਨ ਨੂੰ ਆਪਣੇ ਵਾਅਦੇ 'ਤੇ ਕਾਇਮ ਰੱਖੇਗਾ।

## ਪੰਜਾਬ ਦੇ ਪ੍ਰਸਿੱਧ ਗੈਂਗਸਟਰ ਜਸਪ੍ਰੀਤ ਬੱਬੀ ਨੂੰ ਪੁਲਿਸ ਨੇ ਕਾਬੂ ਕੀਤਾ

**ਸੰਗਰੂਰ/ਵਰਮਾ**



ਸੰਗਰੂਰ ਪੁਲਿਸ ਨੇ ਅੱਜ 17 ਅਪਰਾਧਿਕ ਮਾਮਲਿਆਂ ਵਿੱਚ ਰਜਿਸਟਰਡ ਜਸਪ੍ਰੀਤ ਬਬੀ ਗੈਂਗਸਟਰ ਨੂੰ ਗ੍ਰਿਫਤਾਰ ਕੀਤਾ ਹੈ। ਸੰਗਰੂਰ ਦੇ ਸੇਰੋ ਪਿੰਡ ਦੇ ਰਹਿਣ ਵਾਲੇ ਗੈਂਗਸਟਰ ਜਸਪ੍ਰੀਤ ਬੱਬੀ 'ਤੇ ਸੰਗਰੂਰ, ਬਠਿੰਡਾ ਅਤੇ ਪਟਿਆਲਾ ਦੇ ਵੱਖ- ਵੱਖ ਪੁਲਿਸ ਸਟੇਸ਼ਨਾਂ ਵਿੱਚ ਜ਼ਬਰਦਸਤੀ, ਕਤਲ, ਲੁੱਟ ਅਤੇ ਚੋਰੀ ਦੇ ਵੱਖ- ਵੱਖ 17 ਆਪਰਾਧਿਕ ਮਾਮਲੇ ਦਰਜ ਹਨ। ਸੰਗਰੂਰ ਪੁਲਿਸ ਦੇ ਐਸਪੀ ਕਰਮਵੀਰ ਸਿੰਘ ਨੇ ਮੀਡਿਆ ਕਰਮੀਆਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਐਸਐਸਪੀ ਸਵਪਨ ਸ਼ਰਮਾ ਦੀ ਗਾਇਡ ਲਾਈਨ ਦੇ ਅਨੁਸਾਰ ਸੰਗਰੂਰ ਪੁਲਿਸ ਨੇ ਕੈਟੇਗਰੀ ਦੇ ਇੱਕ ਗੈਂਗਸਟਰ ਜਸਪ੍ਰੀਤ ਸਿੰਘ ਉਰਫ ਬੱਬੀ ਨੂੰ ਗ੍ਰਿਫਤਾਰ ਕੀਤਾ ਹੈ ਜੋਕਿ ਸੰਗਰੂਰ ਦੇ ਸ਼ੇਰਾਂ ਪਿੰਡ ਦਾ ਰਹਿਣ ਵਾਲਾ ਹੈ। ਹੁਣ ਸੁਨਾਮ ਦੇ ਪੁਲਿਸ ਸਟੇਸ਼ਨ ਵਿੱਚ ਇਸਦੇ ਖਿਲਾਫ ਐਫਆਈਆਰ ਲਾਂਚ ਹੋਈ ਹੈ। ਗ੍ਰਿਫਤਾਰੀ ਦੇ ਦੌਰਾਨ ਗੈਂਗਸਟਰ ਦੇ ਕੋਲ ਚਾਰ ਹਥਿਆਰ ਬਰਾਮਦ ਹੋਏ ਹਨ ਜਿਸ 'ਚੋਂ ਇੱਕ ਲਾਇਸੈਂਸ ਵਾਲਾ ਬੱਤੀ ਬੋਰ ਰਿਵਾਲਵਰ ਅਤੇ ਉਸ ਦੇ ਇਲਾਵਾ ਤਿੰਨ 315 ਬੋਰ ਦੇ ਦੇਸੀ ਕੱਟੇ ਅਤੇ 10 ਜਿੰਦਾ ਕਾਰਤੂਸ ਅਤੇ ਇੱਕ ਚਿੱਟੇ ਰੰਗ ਦੀ ਵਰਨਾ ਚੋਰੀ ਦੀ ਕਾਰ ਵੀ ਬਰਾਮਦ ਹੋਈ ਹੈ।6 ਤਾਰੀਖ ਨੂੰ ਮੁਲਜ਼ਮ ਦੀ ਸੁਨਾਮ ਪੁਲਿਸ ਸਟੇਸ਼ਨ ਤੋਂ ਗ੍ਰਿਫਤਾਰੀ ਪਾ ਕੇ ਪੁਲਿਸ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਸੀ। ਜਾਣਕਾਰੀ ਤੋਂ ਪਤਾ ਚੱਲਿਆ ਹੈ ਕਿ ਇਹ ਗੈਂਗਸਟਰ ਰਾਇਵਲ ਗੈਂਗ ਨੂੰ ਨੁਕਸਾਨ ਪਹੁੰਚਾਉਣ ਦੀ ਤਿਆਰੀ ਵਿੱਚ ਸੀ। ਇਸਦੇ ਇਲਾਵਾ ਅੱਜ ਪੁਲਿਸ ਵੱਲੋਂ ਇਸ ਦੀ ਰਿਮਾਂਡ ਲਈ ਜਾਵੇਗੀ ਅਤੇ ਜਾਂਚ ਦੇ ਬਾਅਦ ਜੋ ਵੀ ਸਾਹਮਣੇ ਆਵੇਗਾ ਉਸ 'ਤੇ ਕਾਰਵਾਈ ਕੀਤੀ ਜਾਵੇਗੀ। ਇਸ 'ਤੇ 302, 307, 326 ਅਤੇ ਅਜਿਹੇ ਕਰੀਬ 17 ਕੇਸ ਰਜਿਸਟਰਡ ਹਨ।

## ਰਾਹੁਲ ਗਾਂਧੀ ਨੇ ਦਿੱਤਾ ਕਿਸਾਨਾਂ ਦੇ ਹੱਕ ਚ ਸੁਣੇਹਾ

**ਨਵੀਂ ਦਿੱਲੀ/ਕਪੂਰ**



ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਕਰਨਾਲ ਵਿੱਚ ਕਿਸਾਨਾਂ ਵੱਲੋਂ ਕੀਤੀ ਮਹਾਪੰਚਾਇਤ ਦੇ ਮੱਦੇਨਜਰ ਅੱਜ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਿਆ ਤੇ ਕਿਹਾ ਕਿ ਜਿਥੇ 'ਹਰ-ਹਰ ਅੰਨਦਾਤਾ ਹੈ ਉਥੇ ਕਿਸ-ਕਿਸ ਨੂੰ ਰੋਕਿਆ ਜਾਏਗਾ।' ਉਨ੍ਹਾਂ ਨੇ ਕਰਨਾਲ ਮਹਾਪੰਚਾਇਤ ਨਾਲ ਜੁੜੀਆਂ ਤਸਵੀਰਾਂ ਸਾਂਝੀਆਂ ਕਰਦਿਆਂ ਟਵੀਟ ਕੀਤਾ ਕਿ ਜਿਥੇ ਹਰ-ਹਰ ਅੰਨਦਾਤਾ, ਘਰ-ਘਰ ਅੰਨਦਾਤਾ ਹੈ, ਉਥੇ ਕਿਸ ਕਿਸ ਨੂੰ ਰੋਕਿਆ ਜਾਵੇਗਾ। ਜਕਿਰਯੋਗ ਹੈ ਕਿ ਵੱਡੀ ਗਿਣਤੀ ਵਿੱਚ ਕਿਸਾਨ ਮਹਾਪੰਚਾਇਤ ਕਰਨ ਲਈ ਅੱਜ ਕਰਨਾਲ ਇਕੱਠੇ ਹੋਏ ਹਨ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਗੱਲਬਾਤ ਫੇਲ੍ਹ ਹੋਣ ਮਗਰੋਂ ਹਜਾਰਾਂ ਕਿਸਾਨਾਂ ਨੇ ਜਲ੍ਹਿਾ ਹੈੱਡਕੁਆਰਟਰ ਵੱਲ ਰੋਸ ਮਾਰਚ ਕੀਤਾ। ਕਿਸਾਨ ਸੰਗਠਨਾਂ ਨੇ 28 ਅਗਸਤ ਨੂੰ ਕਰਨਾਲ ਵਿੱਚ ਕਿਸਾਨਾਂ 'ਤੇ ਲਾਠੀਚਾਰਜ ਦਾ ਹੁਕਮ ਦੇਣ ਵਾਲੇ ਅਧਿਕਾਰੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ।

## ਸੁਪਰੀਮ ਕੋਰਟ ਨੇ ਮੰਦਰ ਦੀ ਜਮੀਨ ਮਾਮਲੇ ਵਿਚ ਅਨੋਖਾ ਫੈਸਲਾ ਕੀਤਾ

**ਨਵੀਂ ਦਿੱਲੀ/ਕਪੂਰ**



ਸੁਪਰੀਮ ਕੋਰਟ ਨੇ ਕਿਹਾ ਹੈ ਕਿ ਮੰਦਰ ਦੇ ਪੁਜਾਰੀ ਨੂੰ ਜਮੀਨ ਦਾ ਮਾਲਕ ਨਹੀਂ ਮੰਨਿਆ ਜਾ ਸਕਦਾ ਅਤੇ ਦੇਵਤਾ ਮੰਦਰ ਨਾਲ ਸਬੰਧੀ ਜਮੀਨ ਤੇ ਸੰਪਤੀ ਦਾ ਮਾਲਕ ਹੈ। ਜਸਟਿਸ ਹੇਮੰਤ ਗੁਪਤਾ ਅਤੇ ਜਸਟਿਸ ਏਐੱਸ ਬੋਪੰਨਾ ਦੇ ਬੈਂਚ ਨੇ ਕਿਹਾ,'ਪੁਜਾਰੀ ਸਿਰਫ ਮੰਦਰ ਦੀ ਸੰਪਤੀ ਦੇ ਪ੍ਰਬੰਧਨ ਦੇ ਉਦੇਸ ਨਾਲ ਜਮੀਨ ਸਬੰਧੀ ਕੰਮ ਕਰ ਸਕਦਾ ਹੈ।'

## ਫੇਸਬੁੱਕ 'ਤੇ ਨਿਊਜ ਦੇ ਮੁਕਾਬਲੇ ਤੇਜੀ ਨਾਲ ਫੈਲਦੀ ਹੈ ਗਲਤ ਜਾਣਕਾਰੀ: ਸਟੱਡੀ

**ਨਵੀਂ ਦਿੱਲੀ/ਲੋਕ ਬਾਣੀ**

ਸੋਸ਼ਲ ਮੀਡੀਆ ਪਲੇਟਫਾਰਮ ਫੇਸਬੁੱਕ 'ਤੇ ਫੇਕ ਨਿਊਜ ਕਾਫ਼ੀ ਤੇਜੀ ਨਾਲ ਫੈਲਦਾ ਹੈ। ਇਸ ਨੂੰ ਲੈ ਕੇ ਇੱਕ ਸਟੱਡੀ ਵਿੱਚ ਦੱਸਿਆ ਗਿਆ ਹੈ। ਸਟੱਡੀ ਦੇ ਅਨੁਸਾਰ ਕਿਸੇ ਸਹੀ ਨਿਊਜ ਦੇ ਮੁਕਾਬਲੇ ਗਲਤ ਅਤੇ ਗੁੰਮਰਾਹ ਕਰਨ ਵਾਲੀ ਜਾਣਕਾਰੀ 'ਤੇ 6 ਗੁਣਾ ਜਆਿਦਾ ਕਲਿਕ ਹੁੰਦੇ ਹਨ।



ਇਸ ਨੂੰ ਲੈ ਕੇ ਨਿਊਯਾਰਕ ਯੂਨੀਵਰਸਿਟੀ ਅਤੇ ਫ਼ਰਾਂਸ ਦੀ ਨੇ ਸਟੱਡੀ ਕੀਤਾ ਹੈ। ਇਸ ਨੂੰ ਲੈ ਕੇ ਨੇ ਰਿਪੋਰਟ ਕੀਤਾ ਹੈ। ਇਸ ਵਿੱਚ ਦੱਸਿਆ ਗਿਆ ਕਿ ਕਿਸ ਤਰ੍ਹਾਂ ਗਲਤ ਜਾਣਕਾਰੀ ਵੱਡੇ ਗਰੁੱਪ ਨੂੰ ਪ੍ਰਭਾਵਿਤ ਕਰਦੀ ਹੈ। ਸਟੱਡੀ ਵਿੱਚ ਇਸ ਗੱਲ ਦੀ ਵੀ ਜਾਣਕਾਰੀ ਦਿੱਤੀ ਗਈ ਕਿ ਫੇਸਬੁੱਕ ਨੇ ਉਨ੍ਹਾਂ ਪਬਲਿਸ਼ਰਾਂ ਨੂੰ ਰਿਵਾਰਡ ਵੀ ਦਿੱਤਾ ਜੋ ਗਲਤ ਜਾਣਕਾਰੀ ਸ਼ੇਅਰ ਕਰ ਰਹੇ ਸਨ। ਸਟੱਡੀ ਵਿੱਚ ਦੱਸਿਆ ਗਿਆ ਕਿ ਰਾਈਟ ਅਤੇ ਲੈਫਟ ਦੋਨਾਂ ਵਿਚਾਰਧਾਰਾ ਦੇ ਗਲਤ ਖਬਰ 'ਤੇ ਫੇਸਬੁੱਕ ਉਪਭੋਗਤਾਵਾਂ ਦੇ ਕਾਫ਼ੀ ਜਆਿਦਾ ਐਂਗੇਜਮੈਂਟਸ ਸਨ। ਇਹ ਡਾਟਾ ਫੈਕਟ ਵਾਲੇ ਨਿਊਜ ਪੇਜ ਨਾਲੋਂ ਕਾਫ਼ੀ ਜਆਿਦਾ ਸੀ। ਰਿਪੋਰਟ ਵਿੱਚ ਇਹ ਵੀ ਦੱਸਿਆ ਗਿਆ ਕਿ ਰਾਈਟ ਵਿੰਗ ਪਬਲਿਸ਼ਰ ਹੋਰ ਰਾਜਨੀਤਿਕ ਸ੍ਰੇਣੀਆਂ ਦੇ ਮੁਕਾਬਲੇ ਜਆਿਦਾ ਗਲਤ ਅਤੇ ਗੁੰਮਰਾਹ ਜਾਣਕਾਰੀ ਫੈਲਾਉਂਦੇ ਹਨ। ਸਟੱਡੀ ਵਿੱਚ 2500 ਤੋਂ ਜਆਿਦਾ ਫੇਸਬੁੱਕ ਨਿਊਜ ਪਬਲਿਸ਼ਰਾਂ ਨੂੰ ਸ਼ਾਮਲ ਕੀਤਾ ਗਿਆ ਸੀ। ਇਹ ਸਟੱਡੀ ਸਾਲ 2020 ਦੇ ਅਗਸਤ ਤੋਂ ਲੈ ਕੇ ਜਨਵਰੀ 2021 ਤੱਕ ਕੀਤੀ ਗਈ।


ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਬੇਅਦਬੀ ਦਾ ਇਨਸਾਫ ਮੰਗਦਾ ਮਾਨ ਦਲ ਵੱਲੋਂ 14 ਸਿੰਘਾਂ ਦੇ 61ਵਾਂ ਜਥੇ' ਨੇ ਦਿੱਤੀ ਗ੍ਰਿਫਤਾਰੀ



**ਪਟਿਆਲਾ, ਘਨੌਰ/ਸਰਦਾਰਾ ਸਿੰਘ ਲਾਛੜੂ**

ਬਰਗਾੜੀ ਅਤੇ ਬੁਰਜ ਜਵਾਹਰ ਸਿੰਘ ਵਾਲਾ ਅਤੇ ਬਹਿਬਲ ਕਲਾਂ ਗੋਲੀ ਕਾਂਡ, ਕੋਟਕਪੁਰਾ ਗੋਲੀਕਾਂਡ ਦੇ ਸਬੰਧਿਤ ਮੋਰਚੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਬਦੀ ਹੋਈ ਨੂੰ 5 ਸਾਲ ਬੀਤ ਜਾਣ ਦੇ ਬਾਵਜੂਦ ਗੁਰੂ ਦੋਖੀਆਂ ਨੂੰ ਫੜਨ ਲਈ ਤਤਕਾਲੀ ਅਤੇ ਮੌਜੂਦਾ ਸਰਕਾਰਾਂ ਨਾਕਾਮ ਰਹੀਆਂ ਹਨ। ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਬਾਦਲਾਂ ਵੱਲੋਂ ਕਾਂਗਰਸ ਦੀ ਬਣਾਈ ਸਿੱਟ ਅਤੇ ਕਾਂਗਰਸ ਵੱਲੋਂ ਬਾਦਲਾਂ ਦੀ ਬਣਾਈ ਸਿੱਟ ਨੂੰ ਖੂੰਜੇ ਲਾ ਕੇ ਸਮਾਂ ਪੂਰਾ ਕੀਤਾ ਜਾ ਰਿਹਾ ਹੈ, ਜਿਸ ਤੋਂ ਖਫਾ ਹੋ ਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕੌਮੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਬਰਗਾੜੀ ਵਿਖੇ ਚੱਲ ਰਹੇ ਮੋਰਚੇ ਵਿੱਚ ਪਾਰਟੀ ਦੇ ਕੌਮੀ ਜਰਨਲ ਸਕੱਤਰ ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਕੁਲਦੀਪ ਸਿੰਘ ਭਾਗੋਵਾਲ, ਗੁਰਸੇਵਕ ਸਿੰਘ ਜਵਾਹਰਕੇ, ਜਿਲ੍ਹਾ ਪ੍ਰਧਾਨ ਫਰੀਦਕੋਟ ਗੁਰਦੀਪ ਸਿੰਘ ਢੁੱਡੀ, ਗੁਰਪ੍ਰੀਤ ਸਿੰਘ ਲਾਡਬਣਜਾਰਾ, ਸੁਖਚੈਨ ਸਿੰਘ ਰਨ ਸਿੰਘ ਵਾਲਾ, ਕੁਲਵਿੰਦਰ ਸਿੰਘ ਖਾਲਿਸਤਾਨੀ ਅਤੇ ਜਿਲ੍ਹਾ ਪਟਿਆਲਾ ਦਿਹਾਤੀ ਪ੍ਰਧਾਨ ਜਥੇ. ਬਲਕਾਰ ਸਿੰਘ ਭੁੱਲਰ ਦੀ ਅਗਵਾਈ ਹੇਠ ਰਾਜਪਾਲ ਸਿੰਘ ਭਿੰਡਰ, ਜੋਰਾਵਰ ਸਿੰਘ ਭੁਨਰਹੇੜੀ, ਸੱਤਪਾਲ ਸਿੰਘ ਗਰੇਵਾਲ, ਰਣਜੀਤ ਸਿੰਘ ਗਿੱਲ, ਕੁਲਵਿੰਦਰ ਸਿੰਘ ਗਾਜੇਵਾਸ, ਤਵਿੰਦਰ ਸਿੰਘ ਦੁੱਲੜ, ਮਨਪ੍ਰੀਤ ਸਿੰਘ ਗਾਜੇਵਾਸ, ਅਤਰ ਸਿੰਘ ਗੁੰਮਣ, ਸਤਨਾਮ ਸਿੰਘ ਮੁਹਾਰ, ਗੁਰਵਿੰਦਰ ਸਿੰਘ ਦੁਧਨ ਸਾਧਾਂ, ਸਵਰਨ ਸਿੰਘ ਹਸਨਪੁਰ, ਬਲਜਿੰਦਰ ਸਿੰਘ ਹਸਨਪੁਰ, ਗੁਰਚਰਨ ਸਿੰਘ ਗੁਰਾਇਆ, ਹਰਵਿੰਦਰ ਸਿੰਘ ਦੇ 61ਵੇਂ ਜਥੇ ਨੇ ਗ੍ਰਿਫਤਾਰੀ ਦਿੱਤੀ। ਇਸ ਦੌਰਾਨ ਜਥੇ. ਭੁੱਲਰ ਦੇ ਨਾਲ ਜਥੇ. ਮੋਹਣ ਸਿੰਘ ਕਰਤਾਰਪੁਰ, ਕੁਲਦੀਪ ਸਿੰਘ ਮਾਨ ਵਿਸੇਸ਼ ਤੌਰ ਤੇ ਹਾਜਰ ਸਨ। ਇਸ ਮੌਕੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਜਥੇ. ਭੁੱਲਰ ਨੇ ਕਿਹਾ ਕਿ ਸਰਕਾਰ ਇਸ ਤਰਾਂ ਬੇਅਦਬੀ ਦਾ ਇਨਸਾਫ ਮੰਗਣ ਤੇ ਜੋ ਪਾਰਟੀ ਆਗੂਆਂ ਨੂੰ ਗ੍ਰਿਫਤਾਰ ਕਰ ਰਹੀ ਹੈ ਇਸ ਨਾਲ ਜਾਲਮ ਸਰਕਾਰ ਓਹਨਾਂ ਦੇ ਹੌਸਲੇ ਨਹੀਂ ਤੋੜ ਸਕਦੀ ਅਤੇ ਓਹਨਾਂ ਕਿਹਾ ਕਿ ਜਦੋਂ ਤਕ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਫੜ੍ਹ ਕੇ ਸਖ਼ਤ ਤੋਂ ਸਖ਼ਤ ਸਜ਼ਾਵਾਂ ਨਹੀਂ ਦਿੱਤੀਆਂ ਜਾਂਦੀਆਂ ਓਦੋਂ ਤਕ ਓਹਨਾ ਵੱਲੋਂ ਇਹ ਮੋਰਚਾ ਇਸੇ ਤਰਾਂ ਜਾਰੀ ਰਹੇਗਾ ਅਤੇ ਸ. ਮਾਨ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਇਹ ਇਸ ਮੋਰਚੇ ਨੂੰ ਹੋਰ ਤਿੱਖਾ ਕਰਨਗੇ। ਇਸ ਮੌਕੇ ਉਨ੍ਹਾਂ ਨਾਲ ਗੁਰਦਾਤ ਸਿੰਘ, ਕਸ਼ਮੀਰ ਸਿੰਘ, ਮਨਿੰਦਰ ਸਿੰਘ, ਹਰਜਿੰਦਰ ਸਿੰਘ, ਅਨਿਲ ਕੁਮਾਰ, ਗੁਰਦਾਸ ਸਿੰਘ, ਲਖਵਿੰਦਰ ਸਿੰਘ ਧਾਲੀਵਾਲ, ਹਰਬੰਸ ਸਿੰਘ, ਬਲਵਿੰਦਰ ਸਿੰਘ ਗਾਜੀਪੁਰ, ਹਰਭਜਨ ਸਿੰਘ ਪੰਨੂ, ਪਿਆਰਾ ਸਿੰਘ ਬਾਈ ਆਗੂ ਅਤੇ ਵਰਕਰ ਹਾਜ਼ਰ ਸਨ।

# ਬੀਕੇਯੂ ਕਾਦੀਆਂ ਨੇ ਛਾਪਾ 'ਚ ਨਵੀਂ ਇਕਾਈ ਦੀ ਕੀਤੀ ਚੋਣ

## ਕਿਸਾਨ ਅੰਦੋਲਨ ਪ੍ਰਤੀ ਨੌਜਵਾਨਾਂ 'ਚ ਉਤਸ਼ਾਹ : ਯਾਦੂ



**ਬਰਨਾਲਾ/ਰਮਨਦੀਪ ਧਾਲੀਵਾਲ**

ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਦੇ ਬਲਾਕ ਪ੍ਰਧਾਨ ਗੁਰਧਿਆਨ ਸਿੰਘ ਸਹਿਜੜਾ ਦੀ ਅਗਵਾਈ ਹੇਠ ਪਿੰਡ ਛਾਪਾ ਵਿਖੇ ਨੌਜਵਾਨਾਂ ਵੱਲੋਂ ਭਰਵੀਂ ਇਕੱਤਰਤਾ ਕੀਤੀ ਗਈ। ਇਸ ਮੌਕੇ ਭਾਕਿਯੂ (ਕਾਦੀਆਂ) ਦੇ ਜ਼ਿਲ੍ਹਾ ਪ੍ਰਧਾਨ ਜਗਸੀਰ ਸਿੰਘ ਸੀਰਾ ਛੀਨੀਵਾਲ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਜਗਸੀਰ ਸਿੰਘ ਛੀਨੀਵਾਲ ਨੇ ਕਿਹਾ ਕਿ ਨੌਜਵਾਨਾਂ ਦਾ ਆਪ ਮੁਹਾਰੇ ਕਿਸਾਨ ਜਥੇਬੰਦੀਆਂ ਦੀ ਅਗਵਾਈ ਨੂੰ ਕਬੂਲ ਕਰਨਾ ਖੇਤੀ ਕਾਨੂੰਨਾਂ ਸਬੰਧੀ ਚੱਲ ਰਹੇ ਕਿਸਾਨ ਅੰਦੋਲਨ ਲਈ ਸੁਭ ਸੰਕੇਤ ਹੈ। ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਦੇਸ ਭਰ ਦੇ ਕਿਸਾਨ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਪੰਜਾਬ ਦੇ ਵੱਖ-ਵੱਖ ਥਾਵਾਂ ਤੋਂ ਇਲਾਵਾਂ ਦਿੱਲੀ ਬਾਰਡਰਾਂ 'ਤੇ ਡਟੇ ਹੋਏ ਹਨ। ਨੌਜਵਾਨਾਂ ਵੱਲੋਂ ਜਥੇਬੰਦੀਆਂ ਦੀ ਅਗਵਾਈ ਹੇਠ ਆਉਣ ਨਾਲ ਸੰਘਰਸ਼ੀ ਲੋਕਾਂ ਦਾ ਉਤਸ਼ਾਹ ਹੋ ਵਧੇਗਾ। ਇਸ ਮੌਕੇ ਭਾਕਿਯੂ (ਕਾਦੀਆਂ) ਇਕਾਈ ਛਾਪਾ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ। ਇਸ ਚੋਣ 'ਚ ਮੁਖਤਿਆਰ ਸਿੰਘ ਨੂੰ ਇਕਾਈ ਪ੍ਰਧਾਨ, ਬਲਾਕ ਮਹਿਲ ਕਲਾਂ ਦੇ ਮੀਤ ਪ੍ਰਧਾਨ ਨੌਜਵਾਨ ਯਾਦਵਿੰਦਰ ਸਿੰਘ ਜਾਦੂ ਚੁਣਿਆ ਗਿਆ ਅਮਰਜੀਤ ਸਿੰਘ ਨੂੰ ਕੈਸੀਅਰ, ਪ੍ਰਭਜੋਤ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ, ਮਨਜੀਤ ਸਿੰਘ ਨੂੰ ਸਹਾਇਕ ਖਜਾਨਚੀ ਤੋ ਇਲਾਵਾ ਪ੍ਰਿਥੀ ਸਿੰਘ, ਲਖਵੀਰ ਸਿੰਘ, ਹਰਜਿੰਦਰ ਸਿੰਘ, ਮਨਜੀਤ ਸਿੰਘ, ਸਿਕੰਦਰ ਸਿੰਘ, ਬਲਜਿੰਦਰ ਸਿੰਘ ਸੋਹੀ, ਪ੍ਰੇਮਜੀਤ ਸਿੰਘ, ਲਖਵੀਰ ਸਿੰਘ ਸੋਹੀ, ਜਸਵੰਤ ਸਿੰਘ ਮੰਗਾ, ਸੁਖਮਿੰਦਰ ਸਿੰਘ ਦਿਓਲ, ਧਰਮ ਸਿੰਘ ਦਿਓਲ, ਦਰਸਨ ਸਿੰਘ ਗਾਂਧੀ, ਚਮਕੌਰ ਸਿੰਘ, ਡਾ ਅਜੈਬ ਸਿੰਘ, ਲਖਵੀਰ ਸਿੰਘ ਲੱਖੀ ਸੋਹੀ, ਸਿਕੰਦਰ ਸਿੰਘ ਸੋਹੀ, ਮਨਜੀਤ ਸਿੰਘ ਸੋਹੀ, ਵੀਰਪ੍ਰਤਾਪ ਸਿੰਘ ਸੋਹੀ, ਗੁਰਮੁੱਖ ਸਿੰਘ ਸੋਹੀ, ਮੁਖਤਿਆਰ ਸਿੰਘ ਦਿਓਲ, ਮੱਘਰ ਸਿੰਘ ਸੋਹੀ, ਮੁਖਤਿਆਰ ਸਿੰਘ ਸੰਧੂ ਤੇ ਹਰਵਿੰਦਰ ਸਿੰਘ ਨੂੰ ਐਗਜੈਕਟਿਵ ਮੈਂਬਰ ਚੁਣਿਆ ਗਿਆ। ਇਸ ਤੋਂ ਇਲਾਵਾ ਨੌਜਵਾਨ ਆਗੂ ਯਾਦਵਿੰਦਰ ਸਿੰਘ ਯਾਦੀ ਨੂੰ ਬਲਾਕ ਮਹਿਲ ਕਲਾਂ ਦਾ ਮੀਤ ਪ੍ਰਧਾਨ ਚੁਣਿਆ ਗਿਆ। ਇਸ ਮੌਕੇ ਜਗਰਾਜ ਸਿੰਘ ਛੀਨੀਵਾਲ, ਗੁਰਤੇਜ ਸਿੰਘ ਛੀਨੀਵਾਲ, ਸੁਰਿੰਦਰ ਸਿੰਘ ਵਜੀਦਕੇ ਖੁਰਦ, ਗੁਰਮੀਤ ਸਿੰਘ ਛੀਨੀਵਾਲ, ਸਤਨਾਮ ਸਿੰਘ ਧਨੇਰ, ਸੁਖਵਿੰਦਰ ਸਿੰਘ ਹਾਜ਼ਰ ਸਨ। ਇਸ ਮੌਕੇ ਨਵੀ ਚੁਣੀ ਕਮੇਟੀ ਨੇ ਜ਼ਿਲ੍ਹਾ ਪ੍ਰਧਾਨ ਜਗਸੀਰ ਸਿੰਘ ਛੀਨੀਵਾਲ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਆਪਣੀ ਬਣਦੀ ਜਿੰਮੇਵਾਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਂਦੇ ਹੋਏ ਕਿਸਾਨੀ ਹਿੱਤਾਂ ਲਈ ਲੜਦੇ ਰਹਿਣਗੇ।

# ਪੁਲਿਸ ਦੇ ਹੱਕਾਂ ਲਈ ਸਦਾ ਅਵਾਜ ਬੁਲੰਦ ਕਰਦਾ ਰਹਾਂਗਾ : ਚੌਧਰੀ ਕ੍ਰਿਸਨ ਲਾਲ



**ਸੁਨਾਮ/ਗੁਰਵਿੰਦਰ ਗੰਢੂਆਂ**

ਹਮੇਸਾ ਸੱਚ ਦਾ ਸਾਥ ਦੇਣ ਵਾਲੇ ਪੁਲਿਸ ਮੁਲਾਜਮਾਂ ਦੀ ਅਵਾਜ ਬੁਲੰਦ ਕਰਨ ਵਾਲੇ ਚੌਧਰੀ ਕਰਿਸਨ ਲਾਲ ਮਲੋਟ ਸਾਬਕਾ ਐਸ ਆਈ ਪੰਜਾਬ ਪੁਲਿਸ ਸੂਬਾ ਪ੍ਰਧਾਨ ਪੁਲਿਸ ਪੀੜਤ ਪਰੀਵਾਰ ਵੈਲਫੇਅਰ ਸਭਾ ਪੰਜਾਬ ਜਿਨ੍ਹਾਂ ਨੇ ਇੱਕ ਰਾਜਨੀਤਕ ਪਾਰਟੀ ਵੱਲੋਂ ਵਿਧਾਨ ਸਭਾ ਦੀ ਚੋਣ ਵੀ ਲੜਣੀ ਸੀ ਅਤੇ ਮਲੋਟ ਦੇ ਹਲਕਾ ਇੰਚਾਰਜ ਵੀ ਸਨ ਪਰ ਸਰਦਾਰ ਕ੍ਰਿਸਨ ਲਾਲ ਜੀ ਨੇ ਇੱਕ ਡੀ ਐਸ ਪੀ ਸਰਦਾਰ ਬਲਵਿੰਦਰ ਸਿੰਘ ਸੇਖੋਂ ਨਾਲ ਰਾਜਨਿਤਿਕ ਨੇਤਾਵਾਂ ਵੱਲੋਂ ਧੱਕਾ ਕੀਤਾ ਗਿਆ ਜਿਸ ਵਿੱਚ ਡੀ ਐਸ ਪੀ ਸਾਹਿਬ ਨੂੰ ਮੁਅੱਤਲ ਕਰਵਾ ਦਿੱਤਾ ਜਿਸ ਦਾ ਚੋਧਰੀ ਕ੍ਰਿਸਨ ਲਾਲ ਜੀ ਨੇ ਡੱਟ ਕੇ ਵਿਰੋਧ ਕੀਤਾ ਅਤੇ ਆਪਣੀ ਰਾਜਨੀਤਕ ਕੈਰੀਅਰ ਨੂੰ ਦਾਅ ਤੇ ਲਾ ਕੇ ਰਾਜਨੀਤੀ ਅਤੇ ਪਾਰਟੀ ਸੱਚ ਦੇ ਨਾਮ ਕੁਰਬਾਨ ਕਰ ਦਿੱਤੀ ਅਤੇ ਹਮੇਸਾ ਪੁਲਿਸ ਦੇ ਮੁਦਿਆਂ ਤੇ ਬੇਬਾਕ ਬੋਲਣ ਵਾਲੇ ਜਿਵੇਂ ਕਿ ਪੁਲਿਸ ਦੀ ਤੇਹਰਵੀਂ ਤਨਖਾਹ, ਤੇ ਬੋਲੇ ਸਰਕਾਰ ਖਿਲਾਫ ਹਿਉਮਨ ਰਾਇਟਸ ਪਟੀਸ਼ਨ ਵੀ ਦਾਇਰ ਕੀਤੀ , ਦਾਗੀ ਕਰਮਚਾਰੀਆਂ ਦੀ ਛਾਂਟੀ ਨਾਂ ਕਰਨ ਦੇ ਸੰਬੰਧ ਵਿਚ ਪੁਲਿਸ ਦੀ ਅਵਾਜ ਬਣੇ , ਮੁਲਾਜਮਾਂ ਦੇ ਹੱਕ ਵਿਚ ਖੜਨ ਵਾਲੇ ਸਰਕਾਰ ਅਤੇ ਅਫਸਰਾਂ ਕੋਲ ਮੁਲਾਜਮਾਂ ਦੀਆਂ ਮੰਗਾਂ ਬਾਰੇ ਅਵਾਜ ਬਣੇ ਵੈਲਫੇਅਰ ਅਲਾਊਂਸ ਤੇ ਹੋਰ ਮੁਦਿਆਂ ਤੇ ਹਮੇਸ਼ਾ ਹੀ ਅਵਾਜ ਉਠਾਦੇ ਹਨ ਮੁਲਾਜਮਾਂ ਦੀ ਰੀੜ ਦੀ ਹੱਡੀ ਵਜੋਂ ਕੰਮ ਕਰ ਰਹੇ ਹਨ ਚੋਧਰੀ ਕ੍ਰਿਸਨ ਲਾਲ ਜੀ ਹਮੇਸਾਂ ਪੁਲਿਸ ਦੀ ਅਵਾਜ ਬਣ ਕੇ ਪੁਲਿਸ ਦੇ ਹੱਕਾਂ ਲਈ ਲੜ ਰਹੇ ਹਨ ਉੱਥੇ ਹਿਊਮਨ ਰਾਈਟਸ ਕੌਂਸਲ ਪੰਜਾਬ ਦਾ ਡਿਪਟੀ ਡਾਇਰੈਕਟਰ ਵਜੋਂ ਵੀ ਸੇਵਾ ਨਿਭਾ ਰਹੇ ਹਨ

# ਨੈਸਨਲ ਅਚੀਵਮੈਂਟ ਸਰਵੇ ਨੂੰ ਲੈ ਕੇ ਬਲਾਕ ਸਕੂਲਾਂ ਦੇ ਮੁਖੀਆਂ ਦੀ ਲਗਾਈ ਵਰਕਸ਼ਾਪ



**ਗੁਰਦਾਸਪੁਰ -ਨਵਨੀਤ ਕੁਮਾਰ**

ਪੀ.ਜੀ.ਆਈ. ਸਰਵੇ ਵਿੱਚ ਪੰਜਾਬ ਦੇ ਸਿੱਖਿਆ ਵਿਭਾਗ ਜਿੱਥੇ ਪੂਰੇ ਭਾਰਤ ਦੇ ਰਾਜਾਂ ਵਿੱਚ ਅੱਵਲ ਰਿਹਾ ਹੈ , ਉੱਥੇ ਨੈਸਨਲ ਪ੍ਰਾਪਤੀ ਸਰਵੇਖਣ ਲਈ ਵੀ ਅਧਿਆਪਕਾਂ ਵੱਲੋਂ ਬੱਚਿਆਂ ਤੇ ਫੋਕਸ ਕਰਦੇ ਹੋਏ ਹਰ ਪੱਖੋਂ ਤਿਆਰੀ ਕਰਵਾਈ ਜਾ ਰਹੀ ਹੈ। ਇਨ੍ਹਾਂ ਸਬਦਾਂ ਦਾ ਪ੍ਰਗਟਾਵਾ ਜਲ੍ਹਿਾ ਸਿੱਖਿਆ ਅਫਸਰ ਐਲੀਮੈਂਟਰੀ ਮਦਨ ਲਾਲ ਸਰਮਾ ਨੇ ਸਾਰੇ ਸਕੂਲ ਮੁਖੀਆਂ ਨੂੰ ਹਰ ਬੱਚੇ ਤੱਕ ਪਹੁੰਚ ਬਣਾਉਣ ਲਈ ਯੋਜਨਾਬੰਦੀ ਕਰਨ ਲਈ ਕਿਹਾ। ਵਰਕਸਾਪ ਸਬੰਧੀ ਜਾਣਕਾਰੀ ਦਿੰਦਿਆਂ ਜਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਮਦਨ ਲਾਲ ਸਰਮਾ ਨੇ ਦੱਸਿਆ ਕਿ ਨੈਸਨਲ ਅਚੀਵਮੈਂਟ ਸਰਵੇ ਵਿੱਚ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੀ ਸਾਮਿਲ ਕੀਤਾ ਜਾਣਾ ਹੈ। ਇਸ ਲਈ ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ ਨੂੰ ਵੀ ਨੈਸਨਲ ਅਚੀਵਮੈਂਟ ਸਰਵੇ ਸਬੰਧੀ ਪੂਰੀ ਤਰ੍ਹਾਂ ਜਾਗਰੂਕ ਕਰਨ ਲਈ ਵਰਕਸਾਪ ਦਾ ਆਯੋਜਨ ਕੀਤਾ ਗਿਆ ਹੈ। ਡਿਪਟੀ ਡੀ.ਈ.ਓ. ਐਲੀ: ਬਲਬੀਰ ਸਿੰਘ ਨੇ ਦੱਸਿਆ ਕਿ ਨੈਸਨਲ ਅਚੀਵਮੈਂਟ ਸਰਵੇਖਣ ਸੰਬੰਧੀ ਸਾਰੇ ਸਿੱਖਿਆ ਅਧਿਕਾਰੀਆਂ ਤੇ ਅਧਿਆਪਕਾਂ ਦੀ ਟ੍ਰੇਨਿੰਗ ਲਗਾਈ ਜਾ ਚੁੱਕੀ ਹੈ ਅਤੇ ਸਕੂਲ ਪੱਧਰ ਤੇ ਅਧਿਆਪਕਾਂ ਵੱਲੋਂ ਯੋਜਨਾਬੰਦ ਤਰੀਕੇ ਨਾਲ ਤਿਆਰੀ ਕਰਵਾਈ ਜਾ ਰਹੀ ਹੈ। ਇਸ ਦੇ ਚੱਲਦਿਆਂ ਸਿੱਖਿਆ ਵਿਭਾਗ ਵੱਲੋਂ ਸਮੇਂ ਸਮੇਂ ਤੇ ਅਭਿਆਸ ਪ੍ਰਸਨਾਵਲੀ ਦੀਆਂ ਵਿਸਾਲ ਸੀਟਾ ਭੇਜੀਆਂ ਜਾ ਰਹੀਆਂ ਹਨ , ਜੋ ਕਿ ਬੱਚਿਆਂ ਲਈ ਵਰਦਾਨ ਸਾਬਤ ਹੋ ਰਹੀਆਂ ਹਨ। ਇਸ ਮੌਕੇ ਤੇ ਬੀਪੀਈਓ ਕਾਹਨੂੰਵਾਨ-1 ਲਖਵਿੰਦਰ ਸਿੰਘ ਨੇ ਜਾਣਕਾਰੀ ਦਿੱਤੀ ਕਿ ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਇਸ ਬਲਾਕ ਪੱਧਰੀ ਨੈਸ ਟ੍ਰੇਨਿੰਗ ਵਿੱਚ ਸਰਕਾਰੀ ਦੇ ਨਾਲ ਨਾਲ ਪ੍ਰਾਈਵੇਟ ਅਤੇ ਏਡਿਡ ਸਕੂਲ ਮੁਖੀਆਂ ਅਤੇ ਅਧਿਆਪਕਾਂ ਨੂੰ ਵੀ ਜੋੜਿਆ ਗਿਆ ਹੈ , ਜਿਨ੍ਹਾਂ ਨੂੰ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਟੀਮ ਵੱਲੋਂ ਟ੍ਰੇਨਿੰਗ ਦਿੱਤੀ ਗਈ ਹੈ। ਇਸ ਮੌਕੇ ਮੀਡੀਆ ਕੋਆਰਡੀਨੇਟਰ ਗਗਨਦੀਪ ਸਿੰਘ , ਜਿਲ੍ਹਾ ਕੋਆਰਡੀਨੇਟਰ ਲਖਵਿੰਦਰ ਸਿੰਘ ਸੇਖੋਂ , ਸਹਾਇਕ ਕੋਆਰਡੀਨੇਟਰ ਨਿਸਚਿੰਤ ਕੁਮਾਰ , ਵਿਕਾਸ ਸਰਮਾ , ਬੀ.ਐਮ.ਟੀ. ਮਲਕੀਤ ਸਿੰਘ , ਨਸੀਬ ਸਿੰਘ , ਰਾਮ ਸਿੰਘ ਆਦਿ ਸਨ।

# ਸੰਤ ਸੀਚੇਵਾਲ ਨੇ ਕੀਤਾ ਟਰੀਟਮੈਂਟ ਪ੍ਰਾਜੈਕਟ ਦਾ ਉਦਘਾਟਨ



**ਮਮਦੋਟ/ਹਰਪ੍ਰੀਤ ਸਿੰਘ ਹੈਪੀ**

ਕਸਬਾ ਮਮਦੋਟ ਦੇ ਘਰਾਂ ਦੇ ਗੰਦੇ ਪਾਣੀ ਦੀ ਨਿਕਾਸੀ ਲਈ ਨਗਰ ਪੰਚਾਇਤ ਮਮਦੋਟ ਦੇ ਪ੍ਰਧਾਨ ਸੁਖਵਿੰਦਰ ਸਿੰਘ ਵੈਰੜ ਦੀ ਅਗਵਾਈ ਤੇ ਸੂਬਾ ਸਰਕਾਰ ਦੇ ਵਿਸੇਸ ਉਪਰਾਲੇ ਸਦਕਾ ਕਰੀਬ 16 ਲੱਖ 82 ਹਜਾਰ ਰੁਪਏ ਦੀ ਲਾਗਤ ਨਾਲ ਸੀਚੇਵਾਲ ਮਾਡਲ ਦਾ ਕੰਮ ਮੁਕੰਮਲ ਹੋ ਜਾਣ ਤੇ ਵਾਤਾਵਰਨ ਪ੍ਰੇਮੀ ਸੰਤ ਬਲਵੀਰ ਸਿੰਘ ਸੀਚੇਵਾਲ ਨੇ ਮਮਦੋਟ ਵਿਖੇ ਪਹੁੰਚ ਕੇ ਮਾਡਲ ਦਾ ਉਦਘਾਟਨ ਕੀਤਾ ਇਸ ਮੋਕੇ ਉਨ੍ਹਾਂ ਕਿਹਾ ਕਿ ਮਨੁੱਖੀ ਜੀਵਨ ਸਫ਼ਲ ਬਣਾਉਣ ਲਈ ਕੁਦਰਤੀ ਸੋਮਿਆਂ ਦੀ ਸੁਰੱਖਿਆ ਬਹੁਤ ਜ਼ਰੂਰੀ ਹੈ। ਮਮਦੋਟ ਵਿਖੇ ਬਣੇ ਟਰੀਟਮੈਂਟ ਮਾਡਲ ਪ੍ਰਾਜੈਕਟ ਦੇ ਉਦਘਾਟਨ ਨਾਲ ਜਿਥੇ ਲੋਕਾਂ ਨੂੰ ਗੰਦੇ ਪਾਣੀ ਤੋਂ ਛੁਟਕਾਰਾ ਮਿਲੇਗਾ ਉਥੇ ਹੀ ਇਲਾਕੇ ਵਿੱਚ ਜਮੀਨ ਦੇ ਹੇਠਲੇ ਪਾਣੀ ਦਾ ਪ੍ਰਦੂਸਤ ਹੋਣ ਤੋਂ ਬਚਾ ਹੋਵੇਗਾ ਇਸ ਮੋਕੇ ਜਿਲ੍ਹੇ ਦੇ ਉੱਚ ਅਧਿਕਾਰੀ ਦੇ ਨਾਲ ਨਗਰ ਪੰਚਾਇਤ ਤੋਂ ਕਾਰਜ ਸਾਧਕ ਅਫਸਰ ਨਰਿੰਦਰ ਕੁਮਾਰ, ਜੂਨੀਅਰ ਅਸਿਸਟੈਂਟ ਸੁੱਚਾ ਸਿੰਘ, ਆਦਿ ਮੋਕੇ ਤੇ ਹਾਜਰ ਸਨ।

# ਪਿੰਡ ਦੁੱਬਲੀ ਚੋ, ਭੁੱਲਰ, ਦੀ ਅਗਵਾਈ ਵਿਚ ਸਰਪੰਚ,ਬਲਾਕ ਸੰਮਤੀ, ਯੂਥ ਪ੍ਰਧਾਨ ਨੇ ਫੜਿਆ ਝਾੜੂ



**ਤਰਨਤਾਰਨ/ਦਿਲਬਾਗ ਸਿੰਘ ਜੌਹਲ**

ਪਿੰਡ ਦੁੱਬਲੀ ਤੋਂ ਯੂਥ ਪ੍ਰਧਾਨ, ਬਲਾਕ ਸੰਮਤੀ ਮੈਂਬਰ, ਸਰਪੰਚ, ਪੰਚ ਅਤੇ ਨੰਬਰਦਾਰ ਸੈਂਕੜੇ ਪਰਿਵਾਰਾਂ ਸਮੇਤ ਸ: ਦਲੇਰ ਸਿੰਘ ਆੜਤੀਆਂ ਦੀ ਪ੍ਰੇਰਨਾ ਸਦਕਾ ਰਵਾਇਤੀ ਪਾਰਟੀਆਂ ਨੂੰ ਅਲਵਿਦਾ ਕਹਿ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਲਾਲਜੀਤ ਸਿੰਘ ਭੁੱਲਰ ਤੇ ਉਨ੍ਹਾਂ ਦੀ ਧਰਮ ਪਤਨੀ ਬੀਬੀ ਸੁਰਿੰਦਰਪਾਲ ਕੌਰ ਭੁੱਲਰ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿਚ ਸਾਮਲ ਹੋਏ। ਇਨ੍ਹਾਂ ਪਰਿਵਾਰਾਂ ਚ ਸਾਬਕਾ ਸਰਪੰਚ ਨਿਰਮਲ ਸਿੰਘ, ਸਾਬਕਾ ਸਰਪੰਚ ਸੋਨੀ, ਬਲਾਕ ਸੰਮਤੀ ਮੈਂਬਰ ਰੇਸਮ ਸਿੰਘ, ਕਾਂਗਰਸ ਯੂਥ ਪ੍ਰਧਾਨ ਰਾਣਾ ਗਿੱਲ, ਰੇਸਮ ਸਿੰਘ ਨੰਬਰਦਾਰ, ਹੀਰਾ ਲਾਲ ਆੜਤੀਆਂ, ਗੁਰਲਾਲ ਸਿੰਘ ਖੱਪਤੀ, ਜਸਬੀਰ ਸਿੰਘ ਖੱਪਤੀ, ਬਲਰਾਜ ਸਿੰਘ, ਮੇਹਰ ਸਿੰਘ, ਪਾਲ ਸਿੰਘ, ਸਤਨਾਮ ਸਿੰਘ, ਸੁਖਦੇਵ ਸਿੰਘ, ਸੁਖਵਿੰਦਰ ਸਿੰਘ, ਪ੍ਰਤਾਪ ਸਿੰਘ, ਭਗਵੰਤ ਸਿੰਘ, ਜਸਬੀਰ ਸਿੰਘ, ਸੁਖਚੈਨ ਸਿੰਘ, ਧੀਰਾ ਸਿੰਘ, ਕਾਰਜ ਸਿੰਘ, ਕੁਲਵੰਤ ਸਿੰਘ, ਜਸਬੀਰ ਸਿੰਘ, ਜਸਬੀਰ ਸਿੰਘ, ਹਰਜੀਤ ਸਿੰਘ ਅੰਮ੍ਰਿਤਸਰੀਆ, ਬਲਵੀਰ ਸਿੰਘ, ਕਾਰਜ ਸਿੰਘ, ਕੁਲਵੰਤ ਸਿੰਘ, ਅਵਤਾਰ ਸਿੰਘ ਫੌਜੀ ਅਤੇ ਹੀਰਾ ਸਿੰਘ ਸ਼ਾਮਲ ਹੋਏ ਪਰਿਵਾਰਾਂ ਦਾ ਸਵਾਗਤ ਕਰਦਿਆਂ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਹਰੇਕ ਵਰਕਰ ਨੂੰ ਪਾਰਟੀ ਚ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਅਰਵਿੰਦ ਕੇਜਰੀਵਾਲ ਜੀ ਵੱਲੋਂ ਐਲਾਨੀ ਗਈ ਬਿਜਲੀ ਗਰੰਟੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਭੁੱਲਰ ਨੇ ਦੱਸਿਆ ਕਿ ਰਵਾਇਤੀ ਪਾਰਟੀਆਂ ਵੱਲੋਂ ਵੋਟਾਂ ਬਟੋਰਨ ਲਈ ਸੂਬੇ ਦੀ ਜਨਤਾ ਨਾਲ ਝੂਠੇ ਵਾਅਦੇ ਕੀਤੇ ਗਏ ਪਰ ਕੇਜਰੀਵਾਲ ਵੱਲੋਂ ਪੰਜਾਬ ਦੇ ਲੋਕਾਂ ਨਾਲ ਵਾਅਦਾ ਨਹੀਂ ਬਲਕਿ ਗਰੰਟੀ ਲਿਖ ਕੇ ਦਿਤੀ ਆ ਸੂਬੇ ਦੇ ਲੋਕ ਸਰਕਾਰ ਨੂੰ ਲੱਖਾਂ ਕਰੋੜਾਂ ਰੁਪੈ ਸੂਬੇ ਦੀ ਤਰੱਕੀ ਖੁਸ਼ਹਾਲੀ ਲਈ ਟੈਕਸ ਦੇ ਰੂਪ ਵਿਚ ਦਿੱਤੇ ਜਾਦੇ ਇਹ ਪੈਸਾ ਮੌਕੇ ਦੀਆਂ ਸਰਕਾਰਾਂ ਤੇ ਭ੍ਰਿਸ਼ਟ ਲੀਡਰ ਵੱਲੋਂ ਗਬਨ ਕਰਕੇ ਆਪਣੇ ਹਿੱਤਾਂ ਲਈ ਵਰਤਿਆ ਜਾਂਦਾ ਹੈ ਅਜਾਦੀ ਤੋਂ ਬਾਅਦ ਹੁਣ ਤੱਕ ਸੂਬੇ ਦਾ ਵਿਕਾਸ ਸਿਰਫ ਗਲੀਆਂ ਨਾਲੀਆਂ ਪੱਕੀਆਂ ਕਰਨ ਤੱਕ ਸਿਮਟ ਕੇ ਰਹਿ ਗਿਆ ਨੌਜਵਾਨਾਂ ਦੇ ਭਵਿੱਖ ਲਈ ਹੁਣ ਤੱਕ ਕੁਝ ਨਹੀਂ ਕੀਤਾ ਸਰਕਾਰੀ ਨੌਕਰੀਆਂ ਖਤਮ ਕਰਕੇ ਸਾਰੇ ਦਫਤਰ ਪ੍ਰਾਈਵੇਟ ਕੰਪਨੀਆਂ ਤੋਂ ਮੋਟੇ ਮੁਨਾਫੇ ਲੈ ਕੇ ਲੋਕਾਂ ਨੂੰ ਕੰਪਨੀਆਂ ਕੋਲ ਵੇਚਿਆ ਜਾ ਰਿਹਾ ਜਿਥੇ ਰੋਜਗਾਰ ਵਸੀਲੇ ਖਤਮ ਕੀਤੇ ਉਥੇ ਨਾਲ ਹੀ ਲੋਕਾਂ ਦੀ ਲੁੱਟ ਦੇ ਖੁੱਲੇ ਅਖਤਿਆਰ ਪ੍ਰਾਈਵੇਟ ਕੰਪਨੀਆਂ ਨੂੰ ਦਿੱਤੇ ਲੋਕਾਂ ਵੱਲੋਂ ਟੈਸਟ ਰੂਪ ਖੂਨ ਪਸੀਨੇ ਦੀ ਕਮਾਈ ਨੂੰ ਭਰਿਸ਼ਟਾਚਾਰ ਦੀ ਭੇਜ ਚੜਾ ਸੂਬੇ ਸੋਨੇ ਦੀ ਚਿੜੀ ਕਹਾਉਣ ਵਾਲੇ ਨੂੰ ਪੰਜਾਬ ਕਰਜਈ ਸੂਬੇ ਚ ਤਬਦੀਲ ਇਹਨਾਂ ਰਵਾਇਤੀ ਪਾਰਟੀਆਂ ਵੱਲੋਂ ਕੀਤਾ ਗਿਆ। ਦਿੱਲੀ ਦੇ ਲੋਕਾਂ ਵੱਲੋਂ ਟੈਕਸ ਦੇ ਰੂਪ ਵਿਚ ਦਿੱਤੇ ਗਏ ਪੈਸੇ ਦੀ ਕੇਜਰੀਵਾਲ ਵੱਲੋਂ ਸਹੀ ਵਰਤੋਂ ਕਰ ਦਿੱਲੀ ਵਾਸੀਆਂ ਨੂੰ ਫ੍ਰੀ ਬਿਜਲੀ ਪਾਣੀ ਤੇ ਫ੍ਰੀ ਸਿਹਤ ਸਹੂਲਤਾਂ ਨਾਲ ਨਿਵਾਜਿਆ ਜਾ ਰਿਹਾ ਸੂਬੇ ਚ ਆਪ ਦੀ ਸਰਕਾਰ ਆਉਣ ਤੇ ਦਿੱਲੀ ਤਰਜ ਤੇ ਪੰਜਾਬ ਚ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਮੌਕੇ ਤੇ ਵਲੰਟੀਅਰ ਸਾਥੀ ਹਾਜਰ ਸਨ।

# ਲੁਧਿਆਣਾ ਵੱਲੋਂ ਇੱਕ ਦਿਨ 'ਚ 1.31 ਲੱਖ ਕੋਵਿਡ ਟੀਕੇ ਲਗਾ ਕੇ, ਨਵਾਂ ਕੀਰਤੀਮਾਨ ਕੀਤਾ ਸਥਾਪਤ

**ਲੁਧਿਆਣਾ/ਕਰਨ ਅਗਰਵਾਲ**

ਇੱਕ ਨਵੀ ਪੁਲਾਂਘ ਪੁੱਟਦਿਆਂ, ਲੁਧਿਆਣਾ ਨੇ ਐਤਵਾਰ ਨੂੰ ਜ਼ਿਲ੍ਹੇ ਭਰ ਵਿੱਚ 131993 ਲੱਖ ਕੋਵਿਡ ਖੁਰਾਕਾਂ ਦੇ ਨਾਲ ਇੱਕ ਦਿਨ ਵਿੱਚ ਸਭ ਤੋਂ ਵੱਧ ਟੀਕਾਕਰਣ ਦਾ ਰਿਕਾਰਡ ਕਾਇਮ ਕੀਤਾ ਹੈ।

ਇੱਕ ਦਿਨ ਵਿੱਚ ਸਭ ਤੋਂ ਵੱਧ ਦਾ ਟੀਕਾਕਰਣ ਦਰਜ ਕਰਨ ਵਿੱਚ ਸਿਹਤ ਸੰਭਾਲ ਕਰਮਚਾਰੀਆਂ ਦੇ ਅਣਥੱਕ ਅਤੇ ਦ੍ਰਿੜ ਯਤਨਾਂ ਦੀ ਸ਼ਲਾਘਾ ਕਰਦਿਆਂ ਡਿਪਟੀ ਕਮਿਸ਼ਨਰ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਨੇ ਕਿਹਾ ਕਿ ਇਸ ਨਾਲ ਘਾਤਕ ਕੋਰੋਨਾ ਵਾਇਰਸ ਵਿਰੁੱਧ ਲੜਾਈ ਹੋਰ ਮਜ਼ਬੂਤ ਹੋਵੇਗੀ। ਉਨ੍ਹਾਂ ਕਿਹਾ ਕਿ ਕੋਵਿਡ-19 ਵੈਕਸੀਨ ਦੀਆਂ 1.31 ਲੱਖ ਤੋਂ ਵੱਧ ਖੁਰਾਕਾਂ ਦੇਣ ਦਾ ਮੀਲ ਪੱਥਰ ਲੁਧਿਆਣਾ ਦੇ ਲੋਕਾਂ ਦੇ ਪੂਰਨ ਸਹਿਯੋਗ ਤੋਂ ਬਿਨਾਂ ਸੰਭਵ ਨਹੀਂ ਸੀ, ਜਿਨ੍ਹਾਂ ਨੇ ਟੀਕਾਕਰਣ ਮੁਹਿੰਮ ਵਿੱਚ ਪੂਰੇ ਤਨ-ਮਨ ਨਾਲ ਹਿੱਸਾ ਲਿਆ, ਜਿਸ ਵਿੱਚ ਹੁਣ ਤੱਕ 2254619 ਲੋਕ ਸ਼ਾਮਲ ਹੋਏ ਹਨ ਜੋਕਿ 16 ਜਨਵਰੀ, 2021 ਨੂੰ ਸ਼ੁਰੂ ਹੋਈ ਸੀ।

ਉਨ੍ਹਾਂ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਮੰਤਰੀ ਸ੍ਰੀ ਭਾਰਤ ਭੂਸ਼ਣ ਆਸ਼ੂ ਅਤੇ ਉਨ੍ਹਾਂ ਦੀ ਪਤਨੀ ਨਗਰ ਕੌਂਸਲਰ ਸ੍ਰੀਮਤੀ ਮਮਤਾ ਆਸ਼ੂ ਅਤੇ ਹੋਰ ਜਨ ਪ੍ਰਤੀਨਿਧੀਆਂ ਦਾ ਲੁਧਿਆਣਾ ਵਿੱਚ ਘਰ-ਘਰ ਜਾ ਕੇ ਟੀਕਾਕਰਨ ਅਭਿਆਨ ਚਲਾਉਣ ਲਈ ਧੰਨਵਾਦ ਕੀਤਾ ਜਿਸ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲੇ ਦੇ ਕੋਨੇ-ਕੋਨੇ ਵਿੱਚ ਟੀਮਾਂ ਭੇਜ ਕੇ ਤੀਜੀ ਲਹਿਰ ਦਾ ਮੁਕਾਬਲਾ ਕਰਨ ਲਈ ਜੰਗੀ ਪੱਧਰ 'ਤੇ ਲੋਕਾਂ ਦਾ ਟੀਕਾਕਰਨ ਕਰਨਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਲੁਧਿਆਣਾ ਵਿੱਚ ਟੀਕਾਕਰਣ ਵੱਡੇ ਪੱਧਰ 'ਤੇ ਕੀਤਾ ਜਾ ਰਿਹਾ ਹੈ ਅਤੇ ਪ੍ਰਸ਼ਾਸਨ ਕੋਵਿਡ-19 ਦੇ ਵਿਰੁੱਧ ਸੁਰੱਖਿਆ ਪ੍ਰਣਾਲੀ ਨੂੰ ਹੋਰ ਹੁਲਾਰਾ ਦੇਣ ਲਈ ਇੱਕ ਐਕਸ਼ਨ ਮੋਡ ਵਿੱਚ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਟੀਕਾਕਰਨ ਇਸ ਅਦਿੱਖ ਦੁਸ਼ਮਣ ਦੇ ਵਿਰੁੱਧ ਸਭ ਤੋਂ ਪ੍ਰਭਾਵਸ਼ਾਲੀ ਹਥਿਆਰ ਹੈ ਅਤੇ ਹੁਣ, ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਸਾਰੇ ਯੋਗ ਵਿਅਕਤੀ ਵੈਕਸੀਨੇਸ਼ਨ ਲਈ ਅੱਗੇ ਆਈਏ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੱਡੀ ਗਿਣਤੀ ਵਿੱਚ ਟੀਕਾਕਰਣ ਲਈ ਅੱਗੇ ਆਉਣ ਅਤੇ ਨੌਜਵਾਨਾਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਦੇ ਲਈ ਪ੍ਰੇਰਿਤ ਕਰਨ।

# ਸ਼੍ਰੀਮਤੀ ਰਮੇਸ਼ ਕੁਮਾਰੀ, ਮਾਣਯੋਗ ਜ਼ਿਲ੍ਹਾ ਅਤੇ ਸ਼ੈਸਨ ਜੱਜ, ਗੁਰਦਾਸਪੁਰ ਵਲੋਂ ਚਿਲਡਰਨ ਹੋਮ ਦਾ ਦੋਰਾ, ਬੱਚਿਆਂ ਨਾਲ ਕੀਤੀ ਮੁਲਾਕਾਤ



**ਗੁਰਦਾਸਪੁਰ-ਨਵਨੀਤ ਕੁਮਾਰ**

ਸ਼੍ਰੀਮਤੀ ਰਮੇਸ਼ ਕੁਮਾਰੀ, ਮਾਣਯੋਗ ਜ਼ਿਲ੍ਹਾ ਅਤੇ ਸ਼ੈਸਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਅਤੇ ਸ਼੍ਰੀਮਤੀ ਨਵਦੀਪ ਕੌਰ ਗਿੱਲ, ਸਿਵਿਲ ਜੱਜ (ਸੀਨੀਅਰ ਡਵੀਜ਼ਨ)-ਕਮ-ਸਕੱਤਰ, ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਵਲੋਂ ਚਿਲਡਰਨ ਹੋਮ ਦਾ ਦੌਰਾ ਕੀਤਾ ਗਿਆ। ਇਸ ਮੌਕੇ ਮਾਣਯੋਗ ਜੱਜ ਸਾਹਿਬਾਨ, ਚਿਲਡਰਨ ਹੋਮ ਵਿਚ ਰਹਿ ਰਹੇ ਬੱਚਿਆਂ ਨੂੰ ਮਿਲੇ। ਉਨਾਂ ਬੱਚਿਆਂ ਨੂੰ ਕਿਹਾ ਕਿ ਉਹ ਵਧੀਆ ਤਰੀਕੇ ਨਾਲ ਪੜ੍ਹਾਈ ਕਰਨ, ਆਪਸ ਵਿਚ ਮਿਲਜੁਲ ਕੇ ਰਹਿਣ ਅਤੇ ਉਨਾਂ ਬੱਚਿਆਂ ਦੇ ਬਿਹਤਰ ਭਵਿੱਖ ਦੀ ਕਾਮਨਾ ਕਰਦਿਆਂ ਆਸ਼ੀਰਦਵਾਦ ਦਿੱਤਾ। ਉਨਾਂ ਚਿਲਡਰਨ ਹੋਮ ਦੇ ਅਧਿਕਾਰੀਆਂ ਕੋਲੋ ਬੱਚਿਆਂ ਦੀ ਸਹੂਲਤ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਚਿਲਡਰਨ ਹੋਮ ਦਾ ਸਮੂਹ ਸਟਾਫ ਹਾਜਰ ਸੀ।

# ਪੀ.ਵਾਈ.ਡੀ.ਬੀ. ਦੇ ਚੇਅਰਮੈਨ ਵੱਲੋਂ ਨੌਜਵਾਨਾਂ ਨੂੰ 9 ਤੋਂ 17 ਸਤੰਬਰ ਤੱਕ ਸੱਤਵੇਂ ਰਾਜ ਪੱਧਰੀ ਰੋਜ਼ਗਾਰ ਮੇਲਿਆਂ ਦਾ ਲਾਹਾ ਲੈਣ ਦਾ ਸੱਦਾ

**■ ਨਵੰਬਰ 2018 ਤੋਂ ਹੁਣ ਤੱਕ ਲੁਧਿਆਣਾ 'ਚ 30266 ਨੌਜਵਾਨਾਂ ਵੱਲੋਂ ਡੀ.ਬੀ.ਈ.ਈ. ਰਾਹੀਂ ਪਾਇਆ ਰੋਜ਼ਗਾਰ : ਬਿੰਦਰਾ**




**ਲੁਧਿਆਣਾ/ਸੁਖਚੈਨ ਮਹਿਰਾ, ਜਤਿੰਦਰ ਕੁਮਾਰ**

ਜ਼ਿਲ੍ਹਾ ਯੂਥ ਵਿਕਾਸ ਬੋਰਡ (ਪੀ.ਵਾਈ.ਡੀ.ਬੀ.) ਦੇ ਚੇਅਰਮੈਨ ਸ੍ਰੀ ਸੁਖਵਿੰਦਰ ਸਿੰਘ ਬਿੰਦਰਾ ਵੱਲੋਂ ਅੱਜ ਜ਼ਿਲ੍ਹਾ ਪ੍ਰਸ਼ਾਸਨ ਦੁਆਰਾ 9 ਤੋਂ 17 ਸਤੰਬਰ, 2021 ਤੱਕ ਸੱਤਵੇਂ ਰਾਜ ਪੱਧਰੀ ਰੋਜ਼ਗਾਰ ਮੇਲਿਆਂ ਦੇ ਕੀਤੇ ਜਾ ਰਹੇ ਆਯੋਜਨ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਨੌਜਵਾਨਾਂ ਨੂੰ ਉਤਸ਼ਾਹਿਤ ਕਰਦਿਆਂ ਕਿਹਾ ਕਿ ਰਾਜ ਸਰਕਾਰ ਦੁਆਰਾ ਇਹ ਵੱਡੇ ਰੋਜ਼ਗਾਰ ਮੇਲੇ 'ਘਰ-ਘਰ ਰੋਜ਼ਗਾਰ ਸਕੀਮ' ਤਹਿਤ ਜ਼ਿਲ੍ਹੇ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਰਾਹ ਖੁੱਲ੍ਹਣਗੇ। ਸਥਾਨਕ ਦਫ਼ਤਰ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ (ਡੀ.ਬੀ.ਈ.ਈ.) ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ, ਸ੍ਰੀ ਬਿੰਦਰਾ ਜੋ ਕਿ ਹਾਲ ਹੀ ਵਿੱਚ ਡੀ.ਬੀ.ਈ.ਈ. ਦੀ ਗਵਰਨਿੰਗ ਕੌਂਸਲ ਦੇ ਮੈਂਬਰ ਵਜੋਂ ਸ਼ਾਮਲ ਹੋਏ ਹਨ ਨੇ ਕਿਹਾ ਕਿ ਰੋਜ਼ਗਾਰ ਮੇਲੇ ਨੌਜਵਾਨਾਂ ਲਈ ਲਾਹੇਵੰਦ ਰੋਗਾਰ ਪ੍ਰਾਪਤ ਕਰਨ ਦੇ ਨਾਲ ਮਾਣ ਨਾਲ ਜੀਵਨ ਬਤੀਤ ਕਰਨ ਦੇ ਬਹੁਤ ਸਾਰੇ ਰਾਹ ਖੋਲ੍ਹਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਚਾਰ ਰੋਜ਼ਗਾਰ ਮੇਲਿਆਂ ਵਿੱਚ 17 ਹਜ਼ਾਰ ਨੌਕਰੀਆਂ ਦੀ ਪੇਸ਼ਕਸ਼ ਕੀਤੀ ਜਾਵੇਗੀ ਅਤੇ ਨੌਜਵਾਨਾਂ ਨੂੰ ਉਨ੍ਹਾਂ ਦੀ ਜ਼ਰੂਰਤ ਅਤੇ ਯੋਗਤਾਵਾਂ ਅਨੁਸਾਰ ਚੁਣਿਆ ਜਾਵੇਗਾ।

ਪੀ.ਵਾਈ.ਡੀ.ਬੀ. ਦੇ ਚੇਅਰਮੈਨ ਨੇ ਅੱਗੇ ਕਿਹਾ ਕਿ ਇਹ ਰੋਜ਼ਗਾਰ ਮੇਲੇ ਇੱਕ ਪਾਸੇ ਜ਼ਿਲ੍ਹੇ ਦੇ ਲੋੜਵੰਦ ਨੌਜਵਾਨਾਂ ਨੂੰ ਨੌਕਰੀਆਂ ਪ੍ਰਦਾਨ ਕਰਨ ਅਤੇ ਦੂਜੇ ਪਾਸੇ ਸਥਾਨਕ ਉਦਯੋਗ ਦੀਆਂ ਜ਼ਰੂਰਤਾਂ ਨਾਲ ਨਿਪਟਣ ਲਈ ਹੁਨਰਮੰਦ ਮਨੁੱਖੀ ਸ਼ਕਤੀ ਪ੍ਰਦਾਨ ਕਰਨ ਦੇ ਦੋ ਉਦੇਸ਼ਾਂ ਦੀ ਪੂਰਤੀ ਕਰਨਗੇ।

ਉਨ੍ਹਾਂ ਦੱਸਿਆ ਕਿ 9 ਸਤੰਬਰ ਨੂੰ ਪਹਿਲਾ ਮੇਲਾ ਸਰਕਾਰੀ ਆਈ.ਟੀ.ਆਈ. ਗਿੱਲ ਰੋਡ 'ਤੇ, ਦੂਜਾ 13 ਸਤੰਬਰ ਨੂੰ ਗੁਲਜ਼ਾਰ ਗਰੁੱਪ ਆਫ਼ ਇੰਸਟੀਚਿਊਟ, ਖੰਨਾ ਵਿੱਚ, ਤੀਜਾ 15 ਸਤੰਬਰ ਨੂੰ ਐਸ.ਆਰ.ਐਸ. ਸਰਕਾਰੀ ਪੌਲੀਟੈਕਨਿਕ ਕਾਲਜ ਆਫ਼ ਗਰਲਜ਼ ਅਤੇ ਆਖਰੀ ਮੇਲਾ 17 ਸਤੰਬਰ ਨੂੰ ਸੀ.ਆਈ.ਸੀ.ਯੂ. ਫੋਕਲ ਪੁਆਇੰਟ ਵਿਖੇ ਆਯੋਜਿਤ ਕੀਤਾ ਜਾਵੇਗਾ। ਸ੍ਰੀ ਬਿੰਦਰਾ ਨੇ ਦੱਸਿਆ ਕਿ ਇਨ੍ਹਾਂ ਮੇਲਿਆਂ ਦਾ ਸਮਾਂ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਹੋਵੇਗਾ। ਸ੍ਰੀ ਬਿੰਦਰਾ ਨੇ ਅੱਗੇ ਕਿਹਾ ਕਿ ਪ੍ਰਸ਼ਾਸਨ ਅਤੇ ਡੀ.ਬੀ.ਈ.ਈ. ਦੁਆਰਾ ਇਨ੍ਹਾਂ ਮੇਲਿਆਂ ਦਾ ਢੁੱਕਵਾਂ ਪ੍ਰਚਾਰ ਕੀਤਾ ਜਾ ਰਿਹਾ ਹੈ ਤਾਂ ਜੋ ਵੱਧ ਤੋਂ ਵੱਧ ਨੌਜਵਾਨ ਇਨ੍ਹਾਂ ਰੋਜ਼ਗਾਰ ਮੇਲਿਆਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਣ। ਉਨ੍ਹਾਂ ਕਿਹਾ ਕਿ ਬੇਰੁਜ਼ਗਾਰ ਨੌਜਵਾਨਾਂ ਨੂੰ ਨੌਕਰੀਆਂ ਮੁਹੱਈਆ ਕਰਵਾਉਣ ਲਈ 200 ਪ੍ਰਮੁੱਖ ਕੰਪਨੀਆਂ ਅਤੇ ਉਦਯੋਗਿਕ ਘਰਾਣੇ ਇਨ੍ਹਾਂ ਮੇਲਿਆਂ ਵਿੱਚ ਸ਼ਮੂਲੀਅਤ ਕਰਨਗੇ ਅਤੇ ਉਨ੍ਹਾਂ ਕਿਹਾ ਕਿ ਬੇਰੁਜ਼ਗਾਰ ਨੌਜਵਾਨ ਜੋ ਮੈਟ੍ਰਿਕ ਪਾਸ, 12ਵੀਂ, ਆਈ.ਟੀ.ਆਈ., ਡਿਪਲੋਮਾ ਹੋਲਡਰ, ਗ੍ਰੈਜੂਏਟ ਜਾਂ ਪੋਸਟ ਗ੍ਰੈਜੂਏਟ ਹਨ, ਨੂੰ ਇਨ੍ਹਾਂ ਨੌਕਰੀ ਮੇਲਿਆਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ।

ਪੀ.ਵਾਈ.ਡੀ.ਬੀ. ਦੇ ਚੇਅਰਮੈਨ ਨੇ ਖੁਲਾਸਾ ਕੀਤਾ ਕਿ ਨਵੰਬਰ 2018 ਤੋਂ ਹੁਣ ਤੱਕ ਜ਼ਿਲ੍ਹਾ ਲੁਧਿਆਣਾ ਵਿੱਚ ਤਕਰੀਬਨ 30266 ਨੌਜਵਾਨ ਡੀ.ਬੀ.ਈ.ਈ. ਰਾਹੀਂ ਰੁਜ਼ਗਾਰ ਪ੍ਰਾਪਤ ਕਰ ਚੁੱਕੇ ਹਨ। ਇਸ ਮੌਕੇ ਡਿਪਟੀ ਡਾਇਰੈਕਟਰ ਮੀਨਾਕਾਸ਼ੀ ਸ਼ਰਮਾ, ਡਿਪਟੀ ਸੀਈਓ ਨਵਦੀਪ ਸਿੰਘ, ਪਲੇਸਮੈਂਟ ਅਫਸਰ ਘਨਸ਼ਿਆਮ, ਗਾਈਡੈਂਸ ਕਾਉਂਸਲਰ ਨਿਧੀ ਸਿੰਘੀ, ਵਿਕਾਸ ਖੋਸਲਾ ਅਤੇ ਹੋਰ ਹਾਜ਼ਰ ਸਨ।




# ਸਿਹਤ ਵਿਭਾਗ ਵਲੋਂ ਚੰਗੀ ਤੇ ਨਰੋਈ ਸਿਹਤ ਲਈ ਜਾਗਰੂਕਤਾ ਕੈਂਪ ਲਗਾਇਆ

**ਦੀਨਾਨਗਰ/ਡਾ.ਰਮੇਸ਼ ਸਰੰਗਲ**

ਸਿਹਤ ਵਿਭਾਗ ਵੱਲੋਂ ਚੰਗੀ ਤੇ ਨਰੋਈ ਸਿਹਤ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ "ਚੌਥਾ ਰਾਸਟਰੀ ਪੋਸ਼ਨ ਮਹੀਨਾ" ਵੱਜੋਂ ਜਾਗਰੂਕ ਕੀਤਾ ਜਾ ਰਿਹਾ ਹੈ । ਇਸ ਸਬੰਧੀ ਜਾਣਕਾਰੀ ਦਿੰਦਿਆ ਡਾ ਸ਼ਿਲਪਾ ਸੀਨੀਅਰ ਮੈਡੀਕਲ ਅਫਸਰ ਇੰਚ ਪੀ ਐਚ ਸੀ ਰਣਜੀਤ ਬਾਗ ਨੇ ਦੱਸਿਆ ਕਿ ਚੰਗੀ ਸਿਹਤ ਲਈ ਵਧੀਆ ਖੁਰਾਕ ਦੀ ਲੋੜ ਹੁੰਦੀ ਹੈ। ਵਿਸ਼ੇਸ਼ ਤੌਰ 'ਤੇ ਗਰਭਵਤੀ ਮਾਵਾਂ ਨੂੰ ਹਰੀਆ ਸਬਜੀਆਂ ਦੁੱਧ,ਫਲ ਉਬਲੀਆਂ ਦਾਲਾਂ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਆਇਓਡੀਨ ਯੁਕਤ ਭੋਜਨ ਕਰਨਾ ਚਾਹੀਦਾ ਹੈ।

ਇਸ ਮੌਕੇ ਤੇ ਮੈਡੀਕਲ ਅਫਸਰ ਡੈਂਟਲ ਡਾ ਨਤਾਸਾ ਅੱਤਰੀ ਨੇ ਦੱਸਿਆ ਕਿ ਛੋਟੇ ਬੱਚਿਆਂ ਦੇ ਸਹੀ ਪੋਸਣ ਅਤੇ ਸਰੀਰਕ ਵਿਕਾਸ ਵਾਸਤੇ ਦੁੱਧ ਵਾਲੇ ਦੰਦਾਂ ਦੀ ਖਾਸ ਮਹੱਤਤਾ ਹੁੰਦੀ ਹੈ । ਜੇਕਰ ਦੰਦਾਂ ਵਿਚ ਖੋੜਾਂ ਹੋਣਗੀਆਂ ਤਾਂ ਦਰਦ ਕਾਰਨ ਬੱਚਾ ਠੀਕ ਤਰ੍ਹਾਂ ਖਾਣਾ ਨਹੀਂ ਖਾ ਸਕਦਾ ਅਤੇ ਕੁਪੋਸਣ ਦਾ ਸਕਿਾਰ ਹੋ ਸਕਦਾ ਹੈ। ਆਮ ਤੌਰ ਤੇ ਮਾਤਾ-ਪਿਤਾ ਸੋਚਦੇ ਹਨ ਇਹ ਦੁੱਧ ਵਾਲੇ ਦੰਦ ਟੁੱਟ ਕੇ ਨਵੇਂ ਆ ਜਾਣੇ ਹਨ ਅਤੇ ਇਲਾਜ ਕਰਵਾਉਣ ਦੀ ਜਰੂਰਤ ਨਹੀਂ ਸਮਝਦੇ ਜੋ ਕਿ ਇੱਕ ਗਲਤ ਧਾਰਨਾ ਹੈ ਅਤੇ ਦੰਦਾਂ ਦਾ ਇਲਾਜ ਸਮੇਂ ਸਿਰ ਕਰਵਾਉਣਾ ਬਹੁਤ ਜਰੂਰੀ ਹੈ। ਸਹੀ ਪੋਸਣ ਲੈਣ ਵਾਸਤੇ ਨਾਂ ਸਿਰਫ ਬੱਚਿਆਂ ਨੂੰ ਬਲਕਿ ਹਰ ਵਿਅਕਤੀ ਨੂੰ ਆਪਣੇ ਦੰਦਾਂ ਅਤੇ ਔਰਲ ਹੈਲਥ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ।

ਬਲਾਕ ਐਜੂਕੇਟਰ ਸੰਦੀਪ ਕੌਰ ਨੇ ਦੱਸਿਆ ਕਿ ਬਲਾਕ ਦੇ ਸਾਰੇ ਸਿਹਤ ਕੇਂਦਰਾਂ ਵਿੱਚ ਗਰੁੱਪ ਮੀਟਿੰਗਾਂ ਕਰਕੇ ਗਰਭਵਤੀ ਮਾਂਵਾਂ., ਕਿਸ਼ੋਰ ਬੱਚਿਆਂ ਆਦਿ ਨੂੰ ਸੰਤੁਲਿਤ ਖੁਰਾਕ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਪੋਸ਼ਨ ਮਹੀਨੇ ਦਾ ਮੁੱਖ ਮੰਤਵ ਸਿਹਤ ਲਈ ਪੋਸ਼ਣ ਦੇ ਮਹਤਵ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ । ਸੰਤੁਲਿਤ ਭੋਜਨ" ਵੱਜੋਂ ਤਲੇ ਹੋਏ ਪਦਾਰਥਾਂ ਅਤੇ ਫਾਸਟ ਫੂਡ ਤੋਂ ਪਰਹੇਜ ਕਰੋ,ਨਮਕ ਅਤੇ ਚੀਨੀ ਦੀ ਵਰਤੋਂ ਘੱਟ ਕਰੋ ਅਤੇ ਸਿਗਰਟ ਤੇ ਸ਼ਰਾਬ ਦਾ ਵਰਤੋਂ ਨਾ ਕੀਤੀ ਜਾਵੇ। ਇਸ ਮੌਕੇ ਡਾ ਗਗਨ, ਐਲਐਚਵੀ ਹਰਬੰਸ ਕੌਰ, ਆਸ਼ਾ ਫੈਸਿਲੀਟੇਟਰ ਅਤੇ ਆਸ਼ਾ ਵਰਕਰ ਆਦਿ ਮੌਜੂਦ ਸਨ।

# ਅਰੁਨਾ ਚੌਧਰੀ ਦੀ ਸਕਿਓਰਿਟੀ 'ਚ ਤੈਨਾਤ 3 ਏਐਸਆਈ ਬਣੇ ਸਬ ਇੰਸਪੈਕਟਰ



**ਦੀਨਾਨਗਰ/ਡਾ.ਰਮੇਸ਼ ਸਰੰਗਲ**

ਕੈਬਨਿਟ ਮੰਤਰੀ ਅਰੁਨਾ ਚੌਧਰੀ ਦੀ ਸੁਰੱਖਿਆ 'ਚ ਤਾਇਨਾਤ ਤਿੰਨ ਮੁਲਾਜ਼ਮ ਏਐਸਆਈ ਅੰਗਰੇਜ਼ ਸਿੰਘ ਬਾਜਵਾ, ਏਐਸਆਈ ਅਨੂਪ ਸਿੰਘ ਅਤੇ ਏਐਸਆਈ ਸਤੀਸ਼ ਕੁਮਾਰ ਨੂੰ ਪੁਲਿਸ ਵਿਭਾਗ ਵਿੱਚ ਚੰਗੀਆਂ ਸੇਵਾਵਾਂ ਨਿਭਾਉਣ ਬਦਲੇ ਵਿਭਾਗ ਵੱਲੋਂ ਤਰੱਕੀ ਦੇ ਕੇ ਸਬ ਇੰਸਪੈਕਟਰ ਬਣਾਇਆ ਗਿਆ ਹੈ। ਅੱਜ ਇਨ੍ਹਾਂ ਮੁਲਾਜ਼ਮਾਂ ਨੂੰ ਕੈਬਨਿਟ ਮੰਤਰੀ ਅਰੁਨਾ ਚੌਧਰੀ ਵੱਲੋਂ ਸਟਾਰ ਲਗਾ ਕੇ ਮਾਣ ਬਖ਼ਸ਼ਿਆ ਗਿਆ ਅਤੇ ਤਰੱਕੀ ਸਬੰਧੀ ਪ੍ਰਮੋਸ਼ਨ ਲੈਟਰ ਵੀ ਦਿੱਤਾ ਗਿਆ। ਮੰਤਰੀ ਨੇ ਕਿਹਾ ਕਿ ਇਹ ਤਿੰਨੋਂ ਮੁਲਾਜ਼ਮ ਪਿਛਲੇ ਕਈ ਸਾਲਾਂ ਤੋਂ ਉਨ੍ਹਾਂ ਨਾਲ ਸੁਰੱਖਿਆ ਕਰਮੀ ਵਜੋਂ ਤਾਇਨਾਤ ਹਨ ਅਤੇ ਇਨ੍ਹਾਂ ਦੀਆਂ ਵਧੀਆਂ ਸੇਵਾਵਾਂ ਨੂੰ ਦੇਖਦਿਆਂ ਹੀ ਇਨ੍ਹਾਂ ਦੀ ਪ੍ਰਮੋਸ਼ਨ ਹੋਈ ਹੈ।

**■ ਚੰਗੀਆਂ ਸੇਵਾਵਾਂ ਦੇ ਚੱਲਦੇ ਲੱਗੇ ਸਟਾਰ**

ਇਸ ਦੌਰਾਨ ਤਰੱਕੀ ਪਾ ਕੇ ਸਬ ਇੰਸਪੈਕਟਰ ਬਣੇ ਅੰਗਰੇਜ਼ ਸਿੰਘ ਬਾਜਵਾ ਵਾਸੀ ਪਿੰਡ ਮੱਦੇਪੁਰ ਦੋਰਾਂਗਲਾ, ਸਬ ਇੰਸਪੈਕਟਰ ਅਨੂਪ ਸਿੰਘ ਵਾਸੀ ਪਿੰਡ ਚੱਗੁਵਾਲ ਗੁਰਦਾਸਪੁਰ ਅਤੇ ਸਬ ਇੰਸਪੈਕਟਰ ਸਤੀਸ਼ ਕੁਮਾਰ ਵਾਸੀ ਅਸ਼ੋਕ ਵਿਹਾਰ ਦੀਨਾਨਗਰ ਨੇ ਆਪਣੀ ਪ੍ਰਮੋਸ਼ਨ ਲਈ ਕੈਬਨਿਟ ਮੰਤਰੀ ਅਰੁਨਾ ਚੌਧਰੀ, ਸੀਨੀਅਰ ਕਾਂਗਰਸ ਨੇਤਾ ਅਸ਼ੋਕ ਚੌਧਰੀ ਅਤੇ ਪੁਲਿਸ ਵਿਭਾਗ ਦੇ ਸੀਨੀਅਰ ਅਫ਼ਸਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਭਰੋਸਾ ਦਿੱਤਾ ਕਿ ਉਹ ਆਪਣੀ ਡਿਊਟੀ ਹੋਰ ਜ਼ਿਆਦਾ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਡੀਐਸਪੀ ਰਾਜਬੀਰ ਸਿੰਘ, ਐਸਐਚਓ ਸ਼ਾਮ ਲਾਲ, ਐਸਐਚਓ ਕੁਲਵਿੰਦਰ ਸਿੰਘ ਪੁਰਾਣਾਸ਼ਾਲਾ, ਪੀਐਸਓ ਗੁਲਜ਼ਾਰ ਸਿੰਘ, ਸਬ ਇੰਸਪੈਕਟਰ ਸੰਜੀਵ ਕੁਮਾਰ ਅਤੇ ਪੀਏ ਪ੍ਰੀਤਮ ਸਿੰਘ ਮੁੱਖ ਰੂਪ 'ਚ ਹਾਜ਼ਰ ਸਨ।

# ਸੁਖਬੀਰ ਬਾਦਲ ਸਿਰੇ ਦੀ ਮੌਕਾਪ੍ਰਸਤੀ ਸਿਆਸਤ ਖੇਡ ਰਿਹਾ : ਰਵਿੰਦਰ ਸਿੰਘ ਬ੍ਰਹਮਪੁਰਾ

**ਤਰਨਤਾਰਨ/ਦਿਲਬਾਗ ਸਿੰਘ ਜੌਹਲ**



ਹਲਕਾ ਖਡੂਰ ਸਾਹਿਬ ਤੋ ਸਾਬਕਾ ਵਿਧਾਇਕ ਤੇ ਸ਼੍ਰੋਮਣੀ ਅਕਾਲੀ ਦਲ ( ਸੰਯੁਕਤ ) ਦੇ ਸੀਨੀਆਰ ਆਗੂ ਸ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਦੋਸ਼ ਲਾਇਆ ਕਿ ਬਾਦਲ ਅਤੇ ਕਾਂਗਰਸੀ ਸਿਆਸੀ ਰੋਟੀਆਂ ਸੇਕ ਰਹੇ ਹਨ । ਸ ਬ੍ਰਹਮਪੁਰਾ ਨੇ ਸੁਖਬੀਰ ਬਾਦਲ ਨੂੰ ਨਿਸ਼ਾਨੇ ਤੇ ਲੈਂਦਿਆਂ ਕਿਹਾ ਕਿ ਇਸ ਵੱਲੋ ਲਗਾਤਾਰ ਕਿਸਾਨਾਂ ਨੂੰ ਗਲਤ ਬੋਲਿਆ ਜਾ ਰਿਹਾ ਹੈ , ਬੀਤੇ ਕੁਝ ਦਿਨ ਪਹਿਲਾਂ ਹੀ ਬਾਦਲ ਨੇ ਮੋਗੇ ਧਰਨੇ ਦੌਰਾਨ ਕਿਸਾਨਾਂ ਨੂੰ ਘੁਸਪੈਠੀਆਂ ਅਤੇ ਅੰਦੋਲਨਕਾਰੀ ਕਿਹਾ ਸੀ ਜਿਸ ਦੀ ਸਖਤ ਸ਼ਬਦਾਂ ਚ ਨਿੰਦਿਆ ਕੀਤੀ ਜਾਂਦੀ ਹੈ । ਉਨਾ ਦੋਸ਼ ਲਾਇਆ ਕਿ ਸੁਖਬੀਰ ਬਾਦਲ ਸਿਰੇ ਦੀ ਮੌਕਾਪ੍ਰਸਤੀ ਰਾਜਨੀਤੀ ਖੇਡਰ ਰਿਹਾ ਹੈ ਪਰ ਉਸ ਸਾ ਸੱਚ ਜਨਤਾ ਸਾਹਮਣੇ ਹੈ। ਸ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਕਿਸਾਨਾਂ ਨੂੰ ਕ੍ਰਾਤੀਕਾਰੀ ਕਰਾਰ ਦਿੰਦਿਆਂ ਕਿਹਾ ਕਿ ਦੁਨੀਆ ਭਰ ਵਿੱਚ ਉਨਾ ਨਾਮਣਾ ਖੱਟਿਆ ਹੈ । ਪੰਜਾਬ ਸਰਕਾਰ ਤੇ ਆਲੋਚਨਾ ਕਰਦਿਆਂ ਕਿਹਾ ਕਿ ਇਸ ਨੇ 4 ਸਾਲ ਪਹਿਲਾਂ ਵਾਅਦੇ ਕੀਤੇ ਸਨ ਕਿ ਉਨਾ ਦੀ ਹਕੂਮਤ ਆਉਣ ਤੇ ਸਮੂੰਹ ਕਿਸਾਨਾਂ ਦੇ ਕਰਜ਼ੇ ਮੁਆਫ ਹੋਣਗੇ , ਘਰ ਘਰ ਜਾ ਕੇ ਨੌਕਰੀ ਬੇਰੁਜ਼ਗਾਰਾਂ ਨੂੰ ਦਿੱਤੀ ਜਾਵੇਗੀ, ਨਸ਼ਿਆ ਦਾ ਖਾਤਮਾ ਕੀਤਾ ਜਾਵੇਗਾ ਪਰ ਅਫਸੋਸ ਹੈ ਕਿ ਨਾਂ ਤਾ ਕਿਸੇ ਨੂੰ ਰੁਜ਼ਗਾਰ ਮਿਲਿਆ ਅਤੇ ਨਾ ਹੀ ਕਰਜ਼ਾ ਮੁਆਫ ਹੋਇਆ। ਉਨਾ ਇਹ ਵੀ ਆਖਿਆ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦੇ ਅਸਲ ਦੋਸ਼ੀਆਂ ਨੂੰ ਬੇਨਕਾਬ ਕੀਤਾ ਜਾਵੇਗਾ ਪਰ ਪੜਤਾਲਾਂ ਤੋ ਸਵਾ ਕੁਝ ਨਹੀ ਹੋਇਆ। ਉਨਾ ਗੈਰ ਕਿਸਾਨਾਂ ਦੀ ਗੱਲ ਕਰਦਿਆਂ ਆਖਿਆ ਕਿ ਉਹ ਮੌਜੂਦਾ ਹਲਾਤਾਂ ਚ ਰੋਟੀ ਤੋ ਆਤਰ ਹੋ ਰਿਹਾ ਹੈ ਪਰ ਸਹੀ ਬੰਦੇ ਨੂੰ ਨਾਂ ਤਾਂ ਆਟਾ ਦਾਲ ਮਿਲ ਰਹੀ ਹੈ ਅਤੇ ਨਾਂ ਹੀ ਕੋਈ ਹੋਰ ਆਰਥਿਕ ਰਾਹਤ ਦਿੱਤੀ ਗਈ ਹੈ । ਇਸ ਲਈ ਪਰਖੀਆਂ ਪਾਰਟੀਆਂ ਨੂੰ ਲੋਕ ਇਕ ਪਾਸੇ ਕਰਨ ਲਈ ਗੰਭੀਰ ਹਨ ਅਤੇ 2022 ਚ ਪੰਜਾਬ ਵਿਧਾਨ ਸਭਾ ਵਿੱਚ ਨਵੇ ਚਿਹਰੇ ਅੱਗੇ ਆਉਣਗੇ । ਸ ਬ੍ਰਹਮਪੁਰਾ ਨੇ ਸਰਹੱਦੀ ਖੇਤਰ ਅਤੇ ਹਲਕਾ ਖਡੂਰ ਸਾਹਿਬ ਲੋਕਾਂ ਨਾਲ ਗੱਲਬਾਤ ਕਰਕੇ ਕਿਹਾ ਕਿ ਲੋਕ ਬੇਸ਼ੁਮਾਰ ਮੁਸ਼ਕਲਾਂ ਚ ਘਿਰੇ ਹਨ । ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਬੰਧੀ ਉਨਾ ਕਿਹਾ ਕਿ ਇਹ ਵੀ ਛੇਤੀ ਹੋਣਗੀਆਂ ਅਤੇ ਬਾਦਲਾਂ ਨੂੰ ਧਾਰਮਿਕ ਅਦਾਰਿਆਂ ਚੋ ਸਤਾਹੀਣ ਕੀਤਾ ਜਾਵੇਗਾ।

**■ ਬਾਦਲ ਦਲ ਅਤੇ ਕਾਂਗਰਸੀ ਸਿਆਸੀ ਰੋਟੀਆਂ ਸੇਕਣ ਤੋ ਗੁਰੇਜ਼ ਕਰਨ : ਬ੍ਰਹਮਪੁਰਾ**

# ਮਹਾਰਾਜਾ ਰਣਜੀਤ ਸਿੰਘ ਵਾਰ ਮਿਊਜ਼ੀਅਮ ਵਿਖੇ 2 ਸਿੱਖ ਰੈਜੀਮੈਂਟ ਦਾ ਬੈਟਲ ਆਨਰ ਡੇਅ ਮਨਾਇਆ

**■ ਰਾਜ ਸੂਚਨਾ ਕਮਿਸ਼ਨਰ ਲੈਫਟੀਨੈਂਟ ਜਨਰਲ ਏ.ਕੇ.ਸ਼ਰਮਾ (ਸੇਵਾ ਮੁਕਤ) ਨੇ ਕੀਤੇ ਸਰਧਾ ਦੇ ਫੁੱਲ ਭੇਂਟ**

**■ ਦੇਸ਼ ਦੀ ਸੁਰੱਖਿਆ ਲਈ ਹਥਿਆਰਬੰਦ ਫੋਰਸਾਂ ਦੀ ਭੂਮਿਕਾ ਦੀ ਕੀਤੀ ਸ਼ਲਾਘਾ**



**ਲੁਧਿਆਣਾ/ਸੁਖਚੈਨ ਮਹਿਰਾ, ਕਰਨ ਅੱਗਰਵਾਲ**

2 ਸਿੱਖ ਰੈਜੀਮੈਂਟ ਦੇ ਬੈਟਲ ਡੇਅ ਆਨਰ ਮੌਕੇ ਸ਼ਹੀਦਾਂ, ਡਿਊਟੀ 'ਤੇ ਤਾਇਨਾਤ ਅਤੇ ਸੇਵਾ ਮੁਕਤ ਫੌਜੀਆਂ ਦੀ ਬਹਾਦਰੀ ਨੂੰ ਯਾਦ ਕਰਦਿਆਂ, ਰਾਜ ਸੂਚਨਾ ਕਮਿਸ਼ਨਰ ਲੈਫਟੀਨੈਂਟ ਜਨਰਲ ਏ.ਕੇ. ਸ਼ਰਮਾ (ਸੇਵਾ ਮੁਕਤ) ਨੇ ਅੱਜ ਕਿਹਾ ਕਿ ਇਹ ਦਿਨ ਸਾਨੂੰ ਇਤਿਹਾਸਕ ਜਿੱਤ ਦੀ ਖੁਸ਼ੀ ਮਨਾਉਣ ਅਤੇ ਹਥਿਆਰਬੰਦ ਬਲਾਂ ਦੀ ਏਕਤਾ ਨੂੰ ਦੁਹਰਾਉਣ ਦਾ ਮੌਕਾ ਦਿੰਦਾ ਹੈ। ਮਹਾਰਾਜਾ ਰਣਜੀਤ ਸਿੰਘ ਵਾਰ ਮਿਊਜ਼ੀਅਮ ਵਿਖੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ, ਐਸ.ਆਈ.ਸੀ. ਲੈਫਟੀਨੈਂਟ ਜਨਰਲ ਏ.ਕੇ. ਸ਼ਰਮਾ (ਸੇਵਾ ਮੁਕਤ) ਨੇ ਕਿਹਾ ਕਿ ਹਰੇਕ ਸਿਪਾਹੀ ਦੀ ਆਪਣੀ ਜਾਨ ਰਾਸ਼ਟਰ ਲਈ ਕੁਰਬਾਨ ਕਰਨ ਦੀ ਵਚਨਬੱਧਤਾ ਹੁੰਦੀ ਹੈ ਅਤੇ ਵਰਦੀ ਪਾ ਕੇ ਦੇਸ਼ ਦੀ ਸੇਵਾ ਕਰਨਾ ਹਰ ਵਿਅਕਤੀ ਲਈ ਸੱਚਮੁੱਚ ਹੀ ਬਹੁਤ ਮਾਣ ਅਤੇ ਸੰਤੁਸ਼ਟੀ ਦਾ ਵਿਸ਼ਾ ਹੈ। ਸ੍ਰੀ ਸ਼ਰਮਾ ਨੇ ਕਿਹਾ ਕਿ ਅਸੀਂ ਸਾਰੇ ਇਸੇ ਕਰਕੇ ਆਪਣੇ ਘਰਾਂ ਵਿੱਚ ਚੈਨ ਦੀ ਨੀਂਦ ਸੌਂਦੇ ਹਾਂ ਕਿ ਸਾਡੇ ਬਹਾਦਰ ਸੈਨਿਕ ਸਰਹੱਦਾਂ ਦੀ ਰਾਖੀ ਕਰ ਰਹੇ ਹਨ. ਉਨ੍ਹਾਂ ਕਿਹਾ ਕਿ ਦੇਸ਼ ਸੈਨਿਕਾਂ ਦਾ ਸਦਾ ਰਿਣੀ ਰਹੇਗਾ ਕਿਉਂਕਿ ਉਨ੍ਹਾਂ ਨੇ ਦੇਸ਼ ਲਈ ਆਪਣੀਆਂ ਜਾਨਾਂ ਵਾਰੀਆਂ ਹਨ। ਉਨ੍ਹਾਂ ਦੱਸਿਆ ਕਿ ਸਮਾਜ ਅਤੇ ਰਾਸ਼ਟਰ ਉਨ੍ਹਾਂ ਸ਼ਹੀਦਾਂ ਦਾ ਹਮੇਸ਼ਾ ਧੰਨਵਾਦੀ ਰਹੇਗਾ ਜਿਨ੍ਹਾਂ ਨੇ ਦੇਸ਼ ਦੀ ਪ੍ਰਭੂਸੱਤਾ ਦੀ ਰਾਖੀ ਲਈ ਦੇਸ਼ ਭਗਤੀ ਦੀ ਸੇਵਾ ਕੀਤੀ ਅਤੇ ਆਪਣੀਆਂ ਜਾਨਾਂ ਵਾਰ ਦਿੱਤੀਆਂ। ਐਸ.ਆਈ.ਸੀ. ਨੇ ਕਿਹਾ ਕਿ ਸ਼ਹੀਦਾਂ ਵੱਲੋਂ ਦਿੱਤੀਆਂ ਗਈਆਂ ਕੁਰਬਾਨੀਆਂ ਨੌਜਵਾਨਾਂ ਨੂੰ ਉਨ੍ਹਾਂ ਦੇ ਨਕਸ਼ੇ ਕਦਮਾਂ 'ਤੇ ਚੱਲਣ ਅਤੇ ਦੇਸ਼ ਦੀ ਸੇਵਾ ਲਈ ਪ੍ਰੇਰਿਤ ਕਰਨ ਲਈ ਇੱਕ ਚਾਨਣ ਮੁਨਾਰੇ ਵਜੋਂ ਕੰਮ ਦਿੰਦੀਆਂ ਹਨ। ਕਰਨਲ ਅਨੂਪ ਸਿੰਘ ਧਾਰਨੀ ਜੋ ਕਿ ਰੈਜੀਮੈਂਟ ਦਾ ਹਿੱਸਾ ਸਨ ਅਤੇ 1965 ਦੀ ਲੜਾਈ ਲੜੀ ਅਤੇ ਬਾਅਦ ਵਿੱਚ ਰਾਜਾ ਪਿਕਟ ਉੱਤੇ ਕਬਜ਼ਾ ਕਰ ਲਿਆ, ਨੇ ਵੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਬੈਟਲ ਆਨਰ ਡੇਅ ਜਿੱਤ ਦੇ ਦਿਨ ਵਜੋਂ ਮਨਾਇਆ ਜਾਂਦਾ ਹੈ. ਇਸ ਮੌਕੇ ਉਨ੍ਹਾਂ ਲੜਾਈ ਬਾਰੇ ਬਹੁਤ ਸਾਰੇ ਤੱਥਾਂ ਦਾ ਖੁਲਾਸਾ ਕੀਤਾ। ਆਪਰੇਸ਼ਨ ਵਿੱਚ, ਰੈਜੀਮੈਂਟ ਨੇ ਕਮਾਂਡਿੰਗ ਅਫਸਰ ਲੈਫਟੀਨੈਂਟ ਕਰਨਲ ਐਨ.ਐਨ. ਖੰਨਾ ਸਮੇਤ 40 ਜਵਾਨਾਂ ਦਾ ਬਲਿਦਾਨ ਦਿੱਤਾ ਸੀ। ਇਸ ਮੌਕੇ ਕਰਨਲ ਟੀ.ਐਸ. ਕਾਲੜਾ (ਸੇਵਾਮੁਕਤ), ਕਰਨਲ ਕੇ.ਕੇ. ਵਰਮਾ (ਸੇਵਾਮੁਕਤ), ਡਿਪਟੀ ਡਾਇਰੈਕਟਰ ਕਮਾਂਡਰ ਬੀ.ਐਸ. ਵਿਰਕ (ਸੇਵਾਮੁਕਤ) ਅਤੇ ਹੋਰ ਹਾਜ਼ਰ ਸਨ।

Website : www.lokbani.com
lokbani08@gmail.com

# ਖੇਡਾਂ ਏਕਤਾ, ਸਮਾਜਿਕਤਾ, ਦੇਸ਼ ਪ੍ਰੇਮ ਅਤੇ ਅਨੁਸ਼ਾਸਨ ਦੀ ਭਾਵਨਾ ਪੈਦਾ ਕਰਦੀਆਂ ਹਨ



**ਬਾਘਾ ਪੁਰਾਣਾ/ਰਿੱਕੀ ਆਨੰਦ**

ਖੇਡਾਂ ਦਾ ਮਨੁੱਖੀ ਜੀਵਨ ਵਿੱਚ ਬਹੁਤ ਮਹੱਤਵ ਹੈ. ਖੇਡਾਂ ਨਾ ਸਿਰਫ ਸਰੀਰਕ ਅਤੇ ਮਾਨਸਿਕ ਵਿਕਾਸ ਲਈ ਉਪਯੋਗੀ ਹਨ, ਬਲਕਿ ਮਨੋਰੰਜਨ ਦਾ ਇੱਕ ਵਧੀਆ ਸਾਧਨ ਵੀ ਹਨ. ਬੱਚਿਆਂ ਦੇ ਵਿਕਾਸ ਵਿੱਚ ਮਦਦਗਾਰ. ਖੇਡ ਸਰੀਰ ਵਿੱਚ ਇੱਕ ਚੁਸਤੀ ਫੁਰਤੀ ਸਰੀਰ ਬਣਾਈ ਰੱਖਦੀ ਹੈ. ਪਰ ਅਫਸੋਸ, ਅੱਜਕੱਲ੍ਹ ਬੱਚਿਆਂ ਅਤੇ ਨੌਜਵਾਨਾਂ ਵਿੱਚ ਖੇਡਾਂ ਪ੍ਰਤੀ ਦਿਲਚਸਪੀ ਘਟਦੀ ਜਾ ਰਹੀ ਹੈ, ਜਿਸ ਕਾਰਨ ਨੌਜਵਾਨ ਅਤੇ ਬੱਚੇ ਕਈ ਤਰ੍ਹਾਂ ਦੀਆਂ ਮਾਨਸਿਕ ਅਤੇ ਸਰੀਰਕ ਸਮੱਸਿਆਵਾਂ ਨਾਲ ਜੂਝ ਰਹੇ ਹਨ. ਇਸ ਲਈ ਲੋਕਾਂ ਨੂੰ ਖੇਡਾਂ ਪ੍ਰਤੀ ਜਾਗਰੂਕ ਕਰਨ ਲਈ ਅੱਜ ਬਾਘਾ ਪੁਰਾਣਾ ਬੈਡਮਿੰਟਨ ਕਲੱਬ ਵੱਲੋਂ ਸੰਤ ਬਾਬਾ ਗੁਰਮੇਲ ਸਿੰਘ ਜੀ ਸਟੇਡੀਅਮ ਵਿੱਚ ਪਹਿਲਾਂ ਓਪਨ ਬੈਡਮਿੰਟਨ ਟੂਰਨਾਮੈਂਟ ਸ.ਸਾਧੂ ਸਿੰਘ ਸੰਧੂ ਵੈੱਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ ਕਰਵਾਇਆ ਗਿਆ । ਇਹ ਤਿੰਨ ਦਿਨਾਂ ਟੂਰਨਾਮੈਂਟ 3 ਸਿਤੰਬਰ ਤੋਂ 5 ਸਿਤੰਬਰ ਤੱਕ ਚੱਲਿਆ । ਇਸ ਵਿੱਚ ਅੰਡਰ 13, ਅੰਡਰ 17, ਅੰਡਰ 19 ਦੇ ਲਡਕੀਆਂ ਅਤੇ ਲੜਕਿਆਂ ਦੇ ਮੈਚ ਕਰਵਾਏ ਗਏ । ਇਸ ਟੂਰਨਾਮੈਂਟ ਵਿੱਚ ਤਿੰਨ ਰਾਜਾਂ ਪੰਜਾਬ , ਹਰਿਆਣਾ, ਰਾਜਸਥਾਨ ਦੇ ਕਰੀਬ 5 ਸੌ ਖਿਡਾਰੀਆਂ ਨੇ ਹਿੱਸਾ ਲਿਆ । ਟੂਰਨਾਮੈਂਟ ਦੇ ਵਿੱਚ ਦੋ ਦਿਨ ਲੜਕੀਆਂ ਅਤੇ ਲੜਕਿਆਂ ਦੇ ਸਿੰਗਲਜ਼ ਤੇ ਡਬਲ ਦੇ ਮੈਚ ਕਰਵਾਏ ਗਏ ਅਤੇ ਤੀਸਰੇ ਦਿਨ ਮੈਨਜ਼ ਓਪਨ ਸਿੰਗਲ ਅਤੇ ਡਬਲ ਦੇ ਮੁਕਾਬਲੇ ਕਰਵਾਏ ਗਏ । ਅਖੀਰਲੇ ਦਿਨ ਜੇਤੂ ਖਿਡਾਰੀਆਂ ਨੂੰ ਇਨਾਮੀ ਰਾਸ਼ੀ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ । ਅੱਜ ਅਧਿਆਪਕ ਦਿਵਸ ਦੇ ਮੌਕੇ ਟੂਰਨਾਮੈਂਟ ਵਿੱਚ ਅਧਿਆਪਕਾਂ ਦਾ ਸਨਮਾਨ ਵੀ ਕੀਤਾ ਗਿਆ । ਇਸ ਮੌਕੇ ਬਾਘਾ ਪੁਰਾਣਾ ਦੇ ਜੰਮਪਲ ਸਿਵਲ ਸਰਵਿਸਜ਼ ਅਧਿਕਾਰੀਆਂ ਨੂੰ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ ਅਤੇ ਖਿਡਾਰੀਆਂ ਦਾ ਹੌਂਸਲਾ ਅਫ਼ਜਾਈ ਵੀ ਕੀਤੀ । ਇਸ ਮੌਕੇ ਆਈ. ਏ. ਐਸ. ਮਨਜੀਤ ਸਿੰਘ ਬਰਾੜ ਐਮ. ਡੀ. ਪੰਜਾਬ ਐਗਰੋ, ਰੁਪਿੰਦਰਜੀਤ ਸਿੰਘ ਬਰਾੜ ਪੀ.ਸੀ.ਐਸ. ਡਾਇਰੈਕਟਰ ਐਜੂਕੇਸ਼ਨ ਚੰਡੀਗੜ੍ਹ, ਅਮਨਪ੍ਰੀਤ ਸਿੰਘ ਬਰਾੜ ਐੱਮ. ਡੀ. ਕੋ ਆਪ੍ਰੇਟਿਵ ਬੈਂਕ , ਪਰਮਬੀਰ ਕੌਰ ਬਰਾੜ ਪੀ. ਸੀ. ਐਸ (ਬੀ. ਡੀ. ਪੀ. ਓ). , ਪੰਜਾਬ ਟੌਪਰ ਉਪਿੰਦਰਜੀਤ ਕੌਰ ਬਰਾੜ ਪੀ. ਸੀ. ਐਸ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਮਨਜੀਤ ਸਿੰਘ ਬਰਾੜ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਉਹ ਬਾਘਾ ਪੁਰਾਣਾ ਦੇ ਜੰਮਪਲ ਹਨ ਅਤੇ ਇੱਥੇ ਹੀ ਖੇਡ ਕੇ ਵੱਡੇ ਹੋਏ ਹਨ । ਇਹ ਸਪੋਰਟਸ ਕਲੱਬ ਨੇ ਇੱਕ ਬਹੁਤ ਵਧੀਆ ਉਪਰਾਲਾ ਕੀਤਾ ਹੈ ਅਤੇ ਅਸੀਂ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਹਰ ਸੰਭਵ ਸਹਾਇਤਾ ਕਰਨ ਨੂੰ ਤਿਆਰ ਹਾਂ । ਇਸ ਟੂਰਨਾਮੈਂਟ ਦਾ ਸਾਰਾ ਭਾਰ ਕੱਲਬ ਦੇ ਮੋਢੀ ਬੀਰਬਲ ਸ਼ਰਮਾ, ਲੱਕੀ ਲੂੱਥਰਾ, ਅਮਨ ਜੱਸਲ ਨੇ ਆਪਣਿਆਂ ਮੋਢਿਆਂ ਤੇ ਚੁੱਕਿਆ ਹੋਇਆ ਸੀ । ਇਹਨਾਂ ਉਕਤ ਖੇਡ ਪ੍ਰੇਮੀਆਂ ਦੀ ਹਿੰਮਤ ਸਦਕਾ ਅਤੇ ਸੰਤ ਬਾਬਾ ਗੁਰਮੇਲ ਸਿੰਘ ਗੁਰੂਦਵਾਰਾ ਸਾਹਿਬ ਦੀ ਕਮੇਟੀ ਦੇ ਸਹਿਯੋਗ ਨਾਲ ਬਾਘਾ ਪੁਰਾਣਾ ਨੂੰ ਇੱਕ ਇੰਡੋਰ ਬੈਡਮਿੰਟਨ ਖੇਡ ਦਾ ਮੈਦਾਨ ਨਸੀਬ ਹੋਇਆ ਹੈ । ਇਹ ਇੰਡੋਰ ਖੇਡ ਸਟੇਡੀਅਮ ਨੂੰ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਬਿਨਾਂ ਕਿਸੇ ਸਰਕਾਰੀ ਮਦਦ ਤੋਂ ਹੀ ਤਿਆਰ ਕੀਤਾ ਗਿਆ ਤਾਂ ਜੋ ਖਿਡਾਰੀਆਂ ਦੇ ਹੁਨਰ ਨੂੰ ਤਰਾਸ਼ ਕੇ ਚਮਕਾਇਆ ਜਾ ਸਕੇ ।

# 30 ਸਾਲ ਪਹਿਲਾਂ ਕਿਸਾਨੀ ਸੰਘਰਸ਼ ਵਿੱਚ ਜਾਨ ਗਵਾ ਚੁੱਕੇ ਕਿਸਾਨ ਦਾ ਪੁੱਤਰ ਨੌਕਰੀ ਲਈ ਖਾ ਰਿਹੈ ਧੱਕੇ

**ਤਲਵੰਡੀ ਸਾਬੋ/ਗੁਰਜੰਟ ਸਿੰਘ ਨਥੇਹਾ**

ਜਿੱਥੇ ਇੱਕ ਪਾਸੇ ਪੰਜਾਬ ਸਰਕਾਰ ਪਿਛਲੇ ਦਿਨਾਂ ਵਿੱਚ ਵਿਧਾਇਕਾਂ ਦੇ ਪੁੱਤਰਾਂ ਨੂੰ ਨੌਕਰੀਆਂ ਦੇਣ ਲਈ ਨਿਯਮਾਂ ਵਿੱਚ ਸੋਧ ਤੱਕ ਲਈ ਤਿਆਰ ਹੋ ਗਈ ਸੀ ਉੱਥੇ 30 ਸਾਲ ਪਹਿਲਾਂ ਕਿਸਾਨੀ ਸੰਘਰਸ ਦੌਰਾਨ ਜਾਨ ਗੰਵਾ ਚੁੱਕੇ ਨੇੜਲੇ ਪਿੰਡ ਜਗਾ ਰਾਮ ਤੀਰਥ ਦੇ ਇੱਕ ਕਿਸਾਨ ਦਾ ਪੁੱਤਰ ਨੌਕਰੀ ਹਾਸਿਲ ਕਰਨ ਲਈ ਧੱਕੇ ਖਾ ਰਿਹਾ ਹੈ ਅਤੇ ਲੀਡਰਾਂ ਅਤੇ ਅਧਿਕਾਰੀਆਂ ਅੱਗੇ ਗੁਹਾਰ ਲਗਾ ਲਗਾ ਥੱਕ ਚੁੱਕਾ ਹੈ।



ਮੁੱਖ ਮੰਤਰੀ ਪੰਜਾਬ ਦੇ ਨਾਂ ਇੱਕ ਹੋਰ ਪੱਤਰ ਲਿਖਕੇ ਪ੍ਰੈੱਸ ਸਾਹਮਣੇ ਪੇਸ਼ ਹੋਏ ਨੌਜਵਾਨ ਇਕਬਾਲ ਸਿੰਘ ਨੇ ਦੱਸਿਆ ਕਿ 29 ਨਵੰਬਰ 1990 ਨੂੰ ਖੇਤੀਬਾੜੀ ਅਤੇ ਬਾਗਬਾਨੀ ਵਿਭਾਗ ਦੇ ਮੁਲਾਜਮਾਂ ਦੇ ਹੱਕ ਵਿੱਚ ਕਿਸਾਨਾਂ ਵੱਲੋਂ ਚੰਡੀਗੜ੍ਹ ਵਿਖੇ ਕਿਸਾਨ ਆਗੂ ਅਜਮੇਰ ਸਿੰਘ ਲੱਖੋਵਾਲ ਅਤੇ ਹੋਰਾਂ ਦੀ ਅਗਵਾਈ ਵਿੱਚ ਇੱਕ ਰੈਲੀ ਰੱਖੀ ਗਈ ਸੀ ਜਿਸ ਵਿੱਚ ਕਿਸਾਨ ਆਗੂ ਹੋਣ ਦੇ ਨਾਤੇ ਉਸਦੇ ਪਿਤਾ ਜਗਸੀਰ ਸਿੰਘ ਨੇ ਵੀ ਸ਼ਿਰਕਤ ਕੀਤੀ ਸੀ। ਉਸਨੇ ਦੱਸਿਆ ਕਿ ਰੈਲੀ ਤੋਂ ਪਰਤਦਿਆਂ ਕਿਸਾਨਾਂ ਦਾ ਟਰੱਕ ਪਟਿਆਲਾ ਨੇੜੇ ਹਾਦਸਾਗ੍ਰਸਤ ਹੋ ਗਿਆ ਜਿਸ ਵਿੱਚ ਉਸਦੇ ਪਿਤਾ ਸਮੇਤ ਹਲਕਾ ਤਲਵੰਡੀ ਸਾਬੋ ਦੇ ਚਾਰ ਕਿਸਾਨ ਸ਼ਹੀਦ ਹੋ ਗਏ ਸਨ।ਪੀੜਿਤ ਨੌਜਵਾਨ ਅਨੁਸਾਰ ਉਸ ਸਮੇਂ ਖੇਤੀਬਾੜੀ ਵਿਭਾਗ ਵਿੱਚ ਬਾਕੀ ਦੇ ਤਿੰਨ ਸ਼ਹੀਦ ਕਿਸਾਨਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਤਾਂ ਨੌਕਰੀ ਦੇ ਦਿੱਤੀ ਗਈ ਪਰ ਉਸ ਸਮੇਂ ਉਸਦੀ ਉਮਰ ਸਿਰਫ ਚਾਰ ਸਾਲ ਸੀ ਅਤੇ ਉਸਦੀ ਮਾਤਾ ਅਨਪੜ ਸੀ ਜਿਸ ਕਾਰਣ ਉਹ ਨੌਕਰੀ ਤੋਂ ਵਾਂਝੇ ਰਹਿ ਗਏ।

ਇਕਬਾਲ ਸਿੰਘ ਨੇ ਦੱਸਿਆ ਕਿ ਉਸਨੂੰ ਉਸਦੇ ਹੱਕ ਅਨੁਸਾਰ ਸਰਕਾਰੀ ਨੌਕਰੀ ਦੇਣ ਲਈ ਉਹ ਸਮੇਂ ਸਮੇਂ ਪੰਜਾਬ ਦੇ ਮੁੱਖ ਮੰਤਰੀਆਂ, ਮੰਤਰੀਆਂ, ਮੰਡੀ ਬੋਰਡ ਦੇ ਚੇਅਰਮੈਨ ਰਹਿਣ ਸਮੇਂ ਅਜਮੇਰ ਸਿੰਘ ਲੱਖੋਵਾਲ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਮਿਲਦਾ ਰਿਹਾ ਹੈ ਅਤੇ ਆਪਣੇ ਪਰਿਵਾਰ ਦੀ ਆਰਥਿਕ ਹਾਲਤ ਦਾ ਵਾਸਤਾ ਪਾ ਕੇ ਬਣਦੇ ਹੱਕ ਅਨੁਸਾਰ ਨੌਕਰੀ ਦੇਣ ਦੀ ਅਪੀਲ ਕਰਦਾ ਰਿਹਾ ਹੈ ਪਰ ਅੱਜ ਤੱਕ ਉਸਦੀ ਕਿਤੇ ਸੁਣਵਾਈ ਨਹੀ ਹੋਈ। ਪੀੜਿਤ ਨੌਜਵਾਨ ਨੇ ਜਿੱਥੇ ਕਿਸਾਨ ਆਗੂਆਂ ਨੂੰ ਉਸਦੀ ਬਾਂਹ ਫੜਨ ਦੀ ਅਪੀਲ ਕੀਤੀ ਹੈ ਉੱਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਬਾਕੀ ਤਿੰਨ ਸ਼ਹੀਦਾਂ ਦੇ ਪਰਿਵਾਰਾਂ ਵਾਂਗ ਉਸਨੂੰ ਵੀ ਸਰਕਾਰੀ ਨੌਕਰੀ ਦੇਣ ਦੀ ਗੁਹਾਰ ਲਗਾਈ ਗਈ।

# ਢਕੋਲੀ ਖੇਤਰ ਵਿੱਚ ਪਾਣੀ ਦੀ ਨਿਕਾਸੀ ਲਈ ਵੱਡੇ ਪਾਈਪ ਪਾਉਣ ਦਾ ਕੰਮ ਸ਼ੁਰੂ



**ਜ਼ੀਰਕਪੁਰ/ਡੇਰਾਬਸੀ/ਰਵੀ ਜੀਰਕਪੁਰ**

ਢਕੋਲੀ ਖੇਤਰ ਦੀਆਂ ਅੱਧਾ ਦਰਜਣ ਤੋਂ ਵੱਧ ਸੁਸਾਇਟੀਆਂ ਵਿੱਚ ਬਰਸਾਤ ਦੇ ਦਿਨਾਂ ਵਿੱਚ ਪੰਚਕੂਲਾ ਤੋਂ ਆਉਂਦੇ ਪਾਣੀ ਦੀ ਨਿਕਾਸੀ ਦੀ ਸਮਸਿਆ ਦੇ ਹੱਲ ਲਈ ਜ਼ੀਰਕਪੁਰ ਨਗਰ ਕੌਂਸਲ ਦੇ ਪ੍ਰਧਾਨ ਉਦੇਵੀਰ ਢਿੱਲੋਂ ਨੇ ਪਹਿਲਕਦਮੀ ਕਰਦਿਆਂ ਇਸ ਖ਼ੇਤਰ ਵਿੱਚ 1 ਕਰੋੜ ਦੀ ਲਾਗਤ ਨਾਲ ਬਰਸਾਤੀ ਪਾਣੀ ਦੀ ਨਿਕਾਸੀ ਦੇ ਲਈ ਵੱਡਿਆਂ ਪਾਈਪਾਂ ਪਾਉਣ ਦਾ ਕੰਮ ਸ਼ੁਰੂ ਕਰਵਾ ਦਿੱਤਾ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਉਦੇਵੀਰ ਸਿੰਘ ਢਿੱਲੋਂ ਨੇ ਦੱਸਿਆ ਕਿ ਸਿੰਘ ਚੋਅ ਢਕੋਲੀ 'ਚ ਪੰਚਕੂਲਾ ਦੇ ਸੈਕਟਰ 20 ਦਾ ਬਰਸਾਤੀ ਪਾਣੀ ਆਉਂਦਾ ਹੈ। ਇਸ ਤੋਂ ਇਲਾਵਾ ਗਾਜੀਪੁਰ ਵਾਲੇ ਚੋਅ 'ਚ ਪੰਚਕੂਲਾ ਐੱਸਟੀਪੀ ਅਤੇ ਬਰਸਾਤੀ ਪਾਣੀ ਆਉਂਦਾ ਹੈ। ਉਨ ਾਂ ਦੱਸਿਆ ਕਿ ਇਥੇ ਪਾਣੀ ਦੇ ਵੱਡੇ ਪਾਈਪ ਪੈਣ ਤੋਂ ਬਾਅਦ ਪਿੰਡ ਗਾਜੀਪੁਰ ਜੱਟਾਂ ਖੇਤਰ ਸਮੇਤ ਸੁਸ਼ਮਾ ਸਕਵੇਰ, ਸਪੈਂਗਲ ਕੰਡੋਜ਼, ਗੋਲਡਨ ਸੈਂਡ ਸੁਸਾਇਟੀ, ਸੁਸ਼ਮਾ ਸੁਸਾਇਟੀ, ਮੈਪਲ ਅਪਾਰਟਮੈਂਟ, ਸੁਸ਼ਮਾ ਗਰੀਨ ਵਿਸਟਾ ਅਤੇ ਸੁਸ਼ਮਾ ਅਰਬਨ ਵਿਊ ਸੁਸਾਇਟੀਆਂ ਦੇ ਵਸਨੀਕਾਂ ਨੂੰ ਵੱਡੀ ਰਾਹਤ ਮਿਲੇਗੀ। ਉਨ ਾਂ ਦੱਸਿਆ ਕਿ ਜ਼ੀਰਕਪੁਰ ਨਗਰ ਕੌਂਸਲ ਦੀ 20 ਸਾਲ ਤੱਕ ਕਮਾਨ ਸੰਭਾਲਣ ਵਾਲੇ ਪ੍ਰਤਿਨਿਧੀਆਂ ਨੇ ਕਦੇ ਵੀ ਆਉਣ ਵਾਲੀਆਂ ਲੋੜਾਂ ਨੂੰ ਧਿਆਨ 'ਚ ਰੱਖਦੇ ਹੋਏ ਵਿਜਨ ਲਾਗੂ ਨਹੀਂ ਕੀਤਾ। ਜਿਸਦੇ ਚਲਦੇ ਅੱਜ ਵੀ ਇੱਥੋਂ ਦੇ ਜ਼ਿਆਦਾਤਰ ਹਿੱਸਿਆਂ 'ਚ 8, 10 ਅਤੇ 12 ਇੰਚ ਦੀਆਂ ਪਾਈਪ ਲਾਈਨਾਂ ਦੇ ਸਹਾਰੇ ਹੀ ਪਾਣੀ ਦੀ ਨਿਕਾਸੀ ਕੀਤੀ ਜਾਂਦੀ ਰਹੀ ਹੈ ਜੋ ਕਿ ਸਮੱਸਿਆ ਦੀ ਜੜ ਹੈ। ਉਨ ਾਂ ਨੇ ਦੱਸਿਆ ਕਿ ਇਥੇ ਬੀਤੇ ਸਮੇਂ ਵਿੱਚ ਕਈ ਥਾਵਾਂ 'ਤੇ ਬਿਲਡਰਾਂ ਵੱਲੋਂ ਨਾਲਿਆਂ ਨੂੰ ਬੰਦ ਕਰਕੇ ਨਾਜਾਇਜ਼ ਨਿਰਮਾਣ ਕਰ ਦਿੱਤੇ ਗਏ ਹਨ ਜਿਸ ਕਾਰਨ ਖ਼ੇਤਰ ਵਿੱਚ ਬਰਸਾਤ ਦੇ ਦਿਨਾਂ ਬਿਚ ਬਰਸਾਤੀ ਪਾਣੀ ਦੇ ਨਿਕਾਸੀ ਦੀ ਸਮਸਿਆ ਪੈਦਾ ਹੋ ਜਾਂਦੀ ਹੈ। ਉਨ ਾਂ ਦੱਸਿਆ ਕਿ ਪਿਛਲੇ 20 ਸਾਲਾਂ ਦੇ ਦੌਰਾਨ ਨਗਰ ਕੌਂਸਲ ਜ਼ੀਰਕਪੁਰ 'ਚ ਸੱਤਾ ਸੰਭਾਲਣ ਵਾਲੇ ਕਿਸੇ ਵੀ ਆਗੂ ਨੇ ਇਹੋ ਜਿਹੀ ਕੋਸ਼ਿਸ਼ ਨਹੀਂ ਕੀਤੀ ਕਿ ਜ਼ੀਰਕਪੁਰ ਦੇ ਭਵਿੱਖ ਦੀ ਜ਼ਰੂਰਤਾਂ ਨੂੰ ਵੇਖਦੇ ਹੋਏ ਪਾਣੀ ਨਿਕਾਸੀ ਲਈ ਪਾਈਪ ਲਾਈਨ ਵਿਛਾਈ ਜਾਵੇ।

# ਬਸਪਾ ਨੇ ਗਠਜੋੜ ਉਮੀਦਵਾਰ ਜੀਤਮਹਿੰਦਰ ਸਿੱਧੂ ਦੇ ਹੱਕ ਵਿੱਚ ਪਿੰਡਾਂ ਵਿੱਚ ਕੀਤੀਆਂ ਨੁੱਕੜ ਮੀਟਿੰਗਾਂ

**ਰਾਮਾਂ ਮੰਡੀ/ਅਨਿਲ ਜੈਨ**

ਵਿਧਾਨ ਸਭਾ ਚੋਣਾਂ ਨੂੰ ਦੇਖਦਿਆਂ ਜਿੱਥੇ ਸ਼੍ਰੋਮਣੀ ਅਕਾਲੀ ਦਲ ਨੇ ਸਮੁੱਚੇ ਸੂਬੇ ਅੰਦਰ ਚੋਣ ਪਿੜ ਭਖਾ ਰੱਖਿਆ ਹੈ ਉੱਥੇ ਹੁਣ ਭਾਈਵਾਲ ਪਾਰਟੀ ਬਹੁਜਨ ਸਮਾਜ ਪਾਰਟੀ ਨੇ ਵੀ ਰਾਜਸੀ ਸਰਗਰਮੀਆਂ ਨੂੰ ਰਫਤਾਰ ਦੇਣੀ ਸ਼ੁਰੂ ਕਰ ਦਿੱਤੀ ਹੈ।ਇਸੇ ਲੜੀ ਵਿੱਚ ਬਸਪਾ ਨੇ ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਤੋਂ ਅਕਾਲੀ ਬਸਪਾ ਗਠਜੋੜ ਦੇ ਸਾਂਝੇ ਉਮੀਦਵਾਰ ਜੀਤਮਹਿੰਦਰ ਸਿੰਘ ਸਿੱਧੂ ਸਾਬਕਾ ਵਿਧਾਇਕ ਦੇ ਹੱਕ ਵਿੱਚ ਹਲਕੇ ਦੇ ਪਿੰਡਾਂ ਬਾਘਾ,ਸੁਖਲੱਧੀ ਅਤੇ ਤਰਖਾਣਵਾਲਾ ਵਿੱਚ ਨੁੱਕੜ ਮੀਟਿੰਗਾਂ ਕੀਤੀਆਂ। ਬਸਪਾ ਦੇ ਜਿਲ੍ਹਾ ਬਠਿੰਡਾ (ਦਿਹਾਤੀ) ਪ੍ਰਧਾਨ ਡਾ.ਜੋਗਿੰਦਰ ਸਿੰਘ ਦੀ ਅਗਵਾਈ ਵਿੱਚ ਕੀਤੀਆਂ ਇਨਾਂ ਜਨਸਭਾਵਾਂ ਵਿੱਚ ਵੱਡੀ ਗਿਣਤੀ ਦਲਿਤ ਭਾਈਚਾਰੇ ਦੇ ਲੋਕਾਂ ਨੇ ਵੀ ਸਮੂਲੀਅਤ ਕੀਤੀ।ਇਕੱਠਾਂ ਨੂੰ ਸੰਬੋਧਨ ਦੌਰਾਨ ਬਸਪਾ ਜਿਲ੍ਹਾ ਪ੍ਰਧਾਨ ਡਾ.ਜੋਗਿੰਦਰ ਸਿੰਘ ਨੇ ਕਿਹਾ ਕਿ ਸੂਬੇ ਅੰਦਰ ਅਕਾਲੀ ਬਸਪਾ ਗਠਜੋੜ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਦਲਿਤ ਭਾਈਚਾਰੇ ਨੂੰ ਇਹ ਆਸ ਬੱਝੀ ਹੈ ਕਿ ਉਹ ਰਾਜਭਾਗ ਵਿੱਚ ਭਾਗੀਦਾਰ ਬਣ ਸਕੇਗਾ ਨਹੀ ਤਾਂ ਇਸ ਤੋਂ ਪਹਿਲਾਂ ਗਾਂਧੀ,ਨਹਿਰੂ ਪਰਿਵਾਰ ਨੇ ਹਮੇਸ਼ਾਂ ਦਲਿਤਾਂ ਨੂੰ ਸਿਰਫ ਵੋਟ ਬੈਂਕ ਵਾਂਗ ਇਸਤੇਮਾਲ ਕੀਤਾ ਹੈ।ਬਸਪਾ ਹਲਕਾ ਇੰਚਾਰਜ ਯੋਗੇਸਵਰ ਦਿਆਲ ਨੇ ਇਸ ਮੌਕੇ ਸਾਬਕਾ ਵਿਧਾਇਕ ਸਿੱਧੂ ਨੂੰ ਯਕੀਨ ਦਵਾਇਆ ਕਿ ਉਨਾਂ ਦੀ ਜਿੱਤ ਲਈ ਹਲਕੇ ਦਾ ਇਕੱਲਾ ਇਕੱਲਾ ਬਸਪਾ ਵਰਕਰ ਦਿਨ ਰਾਤ ਇੱਕ ਕਰ ਦੇਵੇਗਾ।ਸਾਬਕਾ ਵਿਧਾਇਕ ਨੇ ਸਹਿਯੋਗ ਲਈ ਬਸਪਾ ਆਗੂਆਂ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਪ੍ਰਗਟਾਇਆ ਕਿ ਦੋਵਾਂ ਪਾਰਟੀਆਂ ਦੇ ਆਗੂਆਂ ਅਤੇ ਵਰਕਰਾਂ ਦੀ ਮਿਹਨਤ ਸਦਕਾਂ 2022 ਵਿੱਚ ਅਕਾਲੀ ਬਸਪਾ ਗਠਜੋੜ ਸਰਕਾਰ ਪੰਜਾਬ ਦੇ ਲੋਕਾਂ ਦੀ ਸੇਵਾ ਕਰੇਗੀ। ਇਸ ਮੌਕੇ ਕਾਕਾ ਗੁਰਬਾਜ਼ ਸਿੰਘ ਸਿੱਧੂ,ਬਸਪਾ ਆਗੂ ਲਖਵੀਰ ਸਿੰਘ ਨਿੱਕਾ, ਮਾ.ਜਗਦੀਪ ਸਿੰਘ ਗੋਗੀ,ਅਮਰ ਸਿੰਘ,ਰਾਜ ਤੋਗੜੀਆ,ਰਵੀ ਕੁਮਾਰ,ਅਕਾਲੀ ਆਗੂ ਅਵਤਾਰ ਮੈਨੂੰਆਣਾ,ਸੁਖਬੀਰ ਸਿੰਘ ਚੱਠਾ,ਜਸਵਿੰਦਰ ਜ਼ੈਲਦਾਰ,ਸਤਿੰਦਰ ਸਿੱਧੂ ਕੌਂਸਲਰ ਤਲਵੰਡੀ,ਹਨੀ ਢਿੱਲੋਂ ਰਾਮਾਂ,ਸੰਜੀਵ ਪੱਪੂ ਕੌਂਸਲਰ ਰਾਮਾਂ,ਸਤਵੀਰ ਸਿੰਘ ਅਸੀਜਾ,ਰਾਜਵਿੰਦਰ ਰਾਜੂ ਰਾਮਾਂ,ਕ੍ਰਿਸ਼ਨ ਕੁਮਾਰ ਪਾਂਗਾ ਆਦਿ ਆਗੂ ਮੌਜੂਦ ਸਨ।





Website : www.lokbani.com

lokbani08@gmail.com

# ਜਲੰਧਰ ਅਤੇ ਮਹਿਤਪੁਰ ਵਿਖੇ ਦੋ ਰੋਜ਼ਗਾਰ ਮੇਲਿਆਂ ਦੌਰਾਨ 398 ਨੌਜਵਾਨਾਂ ਦੀ ਰੋਜ਼ਗਾਰ ਲਈ ਚੋਣ

## ਰੋਜ਼ਗਾਰ ਮੇਲਿਆਂ ਵਿੱਚ 13 ਕੰਪਨੀਆਂ ਨੇ ਕੀਤੀ ਸ਼ਿਰਕਤ, 451 ਨੌਜਵਾਨਾਂ ਨੇ ਲਿਆ ਭਾਗ

**ਜਲੰਧਰ/ਹਰਬੰਸ ਬਿੱਟੂ**

'ਘਰ-ਘਰ ਰੋਜਗਾਰ ਤੇ ਕਾਰੋਬਾਰ' ਮਿਸਨ ਤਹਿਤ ਜ਼ਿਲ੍ਹਾ ਪ੍ਰਸ਼ਾਸਨ, ਜਲੰਧਰ ਵੱਲੋਂ ਬਲਾਕ ਵਿਕਾਸ ਤੇ ਪੰਚਾਇਤ ਦਫਤਰ (ਬੀ.ਡੀ.ਪੀ.ਓ.) ਦਫਤਰ ਜਲੰਧਰ ਪੱਛਮੀ ਅਤੇ ਮਹਿਤਪੁਰ ਵਿਖੇ ਮੰਗਲਵਾਰ ਨੂੰ ਲਗਾਏ ਗਏ ਦੋ ਰੋਜ਼ਗਾਰ ਮੇਲਿਆਂ ਵਿੱਚ 398 ਬੇਰੋਜਗਾਰ ਨੌਜਵਾਨ ਪਲੇਸਮੈਂਟ ਹਾਸਲ ਕਰਨ ਵਿੱਚ ਸਫਲ ਰਹੇ । ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸਨਰ ਸ਼੍ਰੀ ਘਨਸਆਿਮ ਥੋਰੀ ਨੇ ਦੱਸਿਆ ਕਿ ਦੋਵਾਂ ਕੈਂਪਾਂ ਵਿੱਚ 451 ਬੇਰੋਜਗਾਰ ਨੌਜਵਾਨਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ 398 ਦੀ ਵੱਖ-ਵੱਖ ਕੰਪਨੀਆਂ ਵੱਲੋਂ ਰੋਜ਼ਗਾਰ ਲਈ ਚੋਣ ਕੀਤੀ ਗਈ ।

ਉਨ੍ਹਾਂ ਅੱਗੇ ਦੱਸਿਆ ਕਿ ਏ-ਵਨ ਇੰਟਰਨੈਸ਼ਨਲ, ਫਿਊਚਰ ਜਨਰਲੀ, ਪਲੇਸਮੈਡਸ, ਪੁਖਰਾਜ ਹੈਲਥ ਕੇਅਰ, ਹਰਬਲਾਈਫ ਨਿਊਟਰਿਸ਼ਨ, ਐਨ.ਆਈ.ਆਈ.ਟੀ., ਐਲ.ਆਈ.ਸੀ. ਨਕੋਦਰ, ਹੈਲਥ ਹਰਬਲ, ਸਟਾਰ ਹੈਲਥ ਇੰਸ਼ੋਰੈਂਸ, ਏਜਾਈਲ, ਆਈ.ਸੀ.ਆਈ.ਸੀ.ਆਈ. ਬੈਂਕ ਸਮੇਤ ਕੁੱਲ 13 ਕੰਪਨੀਆਂ ਨੇ ਰੋਜ਼ਗਾਰ ਮੇਲਿਆਂ ਸ਼ਿਰਕਤ ਕੀਤੀ ਅਤੇ ਰੋਜ਼ਗਾਰ ਲਈ ਮੌਕੇ 'ਤੇ 398 ਬੇਰੋਜਗਾਰ ਨੌਜਵਾਨਾਂ ਦੀ ਚੋਣ ਕੀਤੀ। ਸ਼੍ਰੀ ਥੋਰੀ ਨੇ ਅੱਗੇ ਦੱਸਿਆ ਕਿ ਬੀ.ਡੀ.ਪੀ.ਓ. ਪੱਛਮੀ ਦੇ ਦਫਤਰ ਵਿਖੇ ਲਗਾਏ ਗਏ ਪਲੇਸਮੈਂਟ ਕੈਂਪ ਵਿੱਚ 167 ਨੌਜਵਾਨਾਂ ਨੂੰ ਰੋਜ਼ਗਾਰ ਲਈ ਚੁਣਿਆ ਗਿਆ ਜਦਕਿ ਮਹਿਤਪੁਰ ਵਿਖੇ 231 ਦੀ ਨੌਕਰੀਆਂ ਲਈ ਚੋਣ ਕੀਤੀ ਗਈ ।



ਉਨ੍ਹਾਂ ਕਿਹਾ ਕਿ ਅਜਿਹੇ ਰੋਜਗਾਰ ਮੇਲੇ ਨੌਜਵਾਨਾਂ ਦੀ ਤਕਦੀਰ ਬਦਲਣ ਵਿੱਚ ਸਹਾਇਕ ਸਿੱਧ ਹੋ ਰਹੇ ਹਨ ਅਤੇ ਇਨ੍ਹਾਂ ਮੇਲਿਆਂ ਰਾਹੀਂ ਰੋਜਗਾਰ ਹਾਸਲ ਕਰਨ ਵਾਲੇ ਨੌਜਵਾਨ ਰਾਜ ਦੇ ਆਰਥਿਕ-ਸਮਾਜਿਕ ਵਿਕਾਸ ਵਿੱਚ ਹਿੱਸੇਦਾਰ ਬਣਨਗੇ। ਉਨ੍ਹਾਂ ਦੱਸਿਆ ਕਿ ਰੋਜਗਾਰ ਮੇਲਿਆਂ ਦੌਰਾਨ ਕੋਵਿਡ ਪ੍ਰੋਟੋਕੋਲਜ਼ ਦਾ ਵਿਸ਼ੇਸ਼ ਧਿਆਨ ਰੱਖਿਆ ਜਾ ਰਿਹਾ ਹੈ, ਜਿਸ ਤਹਿਤ ਸਮਾਜਿਕ ਦੂਰੀ, ਮਾਸਕ ਪਹਿਨਣਾ ਅਤੇ ਹੱਥ ਧੋਣ ਵਰਗੀਆਂ ਸਾਵਧਾਨੀਆਂ ਵਰਤੀਆਂ ਜਾ ਰਹੀਆਂ ਹਨ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਨਿਯਮਿਤ ਰੋਜ਼ਗਾਰ ਮੇਲਿਆਂ ਤੋਂ ਇਲਾਵਾ ਜ਼ਿਲ੍ਹੇ ਵਿੱਚ 9 ਤੋਂ 17 ਸਤੰਬਰ ਤੱਕ ਮੈਗਾ ਰੋਜ਼ਗਾਰ ਮੇਲਾ ਲਗਾਇਆ ਜਾ ਰਿਹਾ ਹੈ, ਜਿਸ ਤਹਿਤ 9 ਸਤੰਬਰ ਨੂੰ ਗੁਰੂ ਨਾਨਕ ਨੈਸ਼ਨਲ ਕਾਲਜ ਨਕੋਦਰ, 10 ਸਤੰਬਰ ਨੂੰ ਜਲ੍ਹਿਾ ਰੋਜਗਾਰ ਅਤੇ ਕਾਰੋਬਾਰ ਬਿਊਰੋ, ਜਲੰਧਰ, 13 ਸਤੰਬਰ ਨੂੰ ਸੀਟੀ ਗਰੁੱਪ ਆਫ ਇੰਸਟੀਚਿਊਟ ਸਾਹਪੁਰ ਕੈਂਪਸ, 15 ਸਤੰਬਰ ਨੂੰ ਜਨਤਾ ਕਾਲਜ ਕਰਤਾਰਪੁਰ ਅਤੇ 17 ਸਤੰਬਰ ਨੂੰ ਬੀ.ਡੀ.ਪੀ.ਓ. ਦਫਤਰ ਭੋਗਪੁਰ ਵਿਖੇ ਰੋਜ਼ਗਾਰ ਮੇਲੇ ਲਗਾਏ ਜਾਣਗੇ। ਉਨ੍ਹਾਂ ਨੌਜਵਾਨਾਂ ਨੂੰ ਇਨ੍ਹਾਂ ਰੋਜ਼ਗਾਰ ਮੇਲਿਆਂ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਵਧੇਰੇ ਨੌਕਰੀਆਂ ਲਈ ਨੌਜਵਾਨ ਵਿਭਾਗ ਦੀ ਵੈਬਸਾਈਟ .. 'ਤੇ ਰਜਿਸਟਰ ਕਰ ਸਕਦੇ ਹਨ ਅਤੇ ਹੋਰ ਜਾਣਕਾਰੀ ਲਈ ਦਫਤਰ ਦੇ ਹੈਲਪ ਲਾਈਨ ਨੰਬਰ 90569-20100 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

# ਪੀ.ਆਰ.ਟੀ.ਸੀ. ਰਿਟਾਇਰਡ ਵਰਕਰਜ ਭਾਈਚਾਰਾ ਯੂਨੀਅਨ ਏਟਕ ਦੀ ਪਟਿਆਲਾ ਡਿੱਪੂ ਦੀ ਜਨਰਲ ਮੀਟਿੰਗ

**ਪਟਿਆਲਾ/ਜਗਦੀਸ ਰਾਈਕਾ**

ਪਟਿਆਲਾ 7 ਸਤੰਬਰ: ਪੀ.ਆਰ.ਟੀ.ਸੀ. ਰਿਟਾਇਰਡ ਵਰਕਰਜ ਭਾਈਚਾਰਾ ਯੂਨੀਅਨ ਏਟਕ ਦੀ ਪਟਿਆਲਾ ਡਿੱਪੂ ਦੀ ਜਨਰਲ ਬਾਡੀ ਮੀਟਿੰਗ ਰਾਮ ਸਰੂਪ ਅਗਰਵਾਲ ਦੀ ਪ੍ਰਧਾਨਗੀ ਹੇਠ ਹੋਈ। ਸਾਥੀਆਂ ਨੇ ਡਰਾਈਵਰ ਰਘਵੀਰ ਸਿੰਘ, ਹਰਦੀਪ ਸਿੰਘ ਤੇ ਭਜਨ ਸਿੰਘ ਕੰਗਣਵਾਲ ਦੇ ਛੋਟੇ ਬੇਟੇ ਦੀ ਐਕਸੀਡੈਂਟ ਵਿੱਚ ਹੋਈ ਮੌਤ ਤੇ ਦੋ ਮਿੰਟ ਦਾ ਮੌਨ ਰੱਖ ਕੇ ਸ਼ਰੌਧਾ ਦੇ ਫੁੱਨ ਭੇਂਟ ਕੀਤੇ। ਮੀਟਿੰਗ ਨੇ ਮਹਿਸੂਸ ਕੀਤਾ ਕਿ 15, 15 ਸਾਲਾਂ ਤੋਂ ਨਿਗੂਣੀਆਂ ਤਨਖਾਹਾਂ ਤੇ ਕੰਮ ਕਰ ਰਹੇ ਕੱਚੇ ਕਾਮਿਆਂ ਦਾ ਆਰਥਿਕ ਸ਼ੋਸ਼ਣ ਹੋ ਰਿਹਾ ਹੈ। ਇਨ੍ਹਾਂ ਨੂੰ ਪੱਕੇ ਨਹੀਂ ਕੀਤਾ ਗਿਆ। ਪੈਨਸ਼ਨ 1992 ਤੋਂ ਵਾਂਝੇ ਰਹਿ ਗਏ ਮੁਲਾਜਮਾਂ ਨੂੰ ਪੈਨਸ਼ਨ 1992 ਨਹੀਂ ਦਿੱਤੀ ਜਾ ਰਹੀ। ਅੱਜ ਦੀ ਮੀਟਿੰਗ ਵਿੱਚ ਸਰਵ ਸ਼੍ਰੀ ਉੱਤਮ ਸਿੰਘ ਬਾਗੜੀ, ਛੱਜੂਅ ਰਾਮ ਢਿੰਗੀ, ਗੁਰਵਿੰਦਰ ਸਿੰਘ ਗੋਲਡੀ, ਅਮਰ ਸਿੰਘ ਸੀ.ਆਈ., ਸੁਖਦੇਵ ਰਾਮ ਸੁੱਖੀ, ਟਹਿਲ ਸਿੰਘ, ਅਮਰਜੀਤ ਸਿੰਘ ਨੇ ਵਿਚਾਰ ਸਾਂਝੇ ਕਰਦੇ ਹੋਏ ਮੰਗ ਕੀਤੀ ਕਿ ਪੀ.ਆਰ.ਟੀ.ਸੀ. ਵਰਕਰਜ ਐਕਸ਼ਨ ਕਮੇਟੀ ਵੱਲੋਂ ਮੈਨੇਜਮੈਂਟ ਨੂੰ ਜੋ ਮੰਗ ਪੱਤਰ ਦਿੱਤਾ ਹੈ ਉਸ ਮੰਗ ਪੱਤਰ ਵਿੱਚ ਦੋ ਪ੍ਰਮੁੱਖ ਮੰਗਾਂ ਕੱਚੇ ਕਰਮਚਾਰੀਆਂ ਨੂੰ ਬਿਨਾਂ ਦੇਰੀ ਤੋਂ ਪੱਕਾ ਕੀਤਾ ਜਾਵੇ, ਪੈਨਸ਼ਨ 1992 ਤੋਂ ਵਾਂਝੇ ਰਹਿ ਗਏ ਮੁਲਾਜਮਾਂ ਦੀ ਪੈਨਸ਼ਨ ਦਾ ਏਜੰਡਾ ਬਣਾ ਕੇ ਬੋਰਡ ਆਫ ਡਾਇਰੈਕਟਰਜ ਵਿੱਚ ਪਾਸ ਕਰਵਾਇਆ ਜਾਵੇ। ਆਗੂਆਂ ਨੇ ਮੈਨੇਜਮੈਂਟ ਨੂੰ ਅਪੀਲ ਕੀਤੀ ਕਿ ਪੀ.ਆਰ.ਟੀ.ਸੀ. ਅੰਦਰ ਵਰਕਰਾਂ ਵਿੱਚ ਪਾਈ ਜਾਂਦੀ ਬੇਚੈਨੀ ਨੂੰ ਦੂਰ ਕਰਕੇ ਸ਼ਾਂਤੀ ਦਾ ਮਾਹੌਲ ਬਣਾਇਆ ਜਾਵੇ। ਰੂਲ 1981 ਦੇ ਮੁਤਾਬਕ ਜਿੰਨੇ ਵਰਕਰ ਪੱਕੇ ਹੁੰਦੇ ਹਨ ਉਨ੍ਹਾਂ ਨੂੰਅ ਬਿਨਾਂ ਦੇਰੀ ਤੋਂ ਪੱਕੇ ਕਰਨ ਦੇ ਆਰਡਰ ਕੀਤੇ ਜਾਣ, ਪੈਨਸ਼ਨ 1992 ਤੋਂ ਵਾਂਝੇ ਰਹਿ ਗਏ ਮੁਲਾਜਮਾਂ ਨੂੰ ਪੈਨਸ਼ਨ ਦੇਣ ਦਾ ਫੈਸਲਾ ਲਿਆ ਜਾਵੇ। ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਅੰਦਰ ਪੰਜਾਬ ਰੋਡਵੇਜ ਅਤੇ ਪੀ.ਆਰ.ਟੀ.ਸੀ. ਦੇ ਪ੍ਰਾਈਵੇਟਾਂ ਦੇ ਨਾਲ ਟਾਈਮ ਟੇਬਲਾਂ ਦੀ ਇਕਸਾਰਤਾ ਲਿਆਂਦੀ ਜਾਵੇ। ਪੰਜਾਬ ਸਰਕਾਰ ਮੁਲਾਜਮ ਜੱਥੇਬੰਦੀਆਂ ਨਾਲ ਗੱਲਬਾਤ ਕਰਕੇ ਪੇਅ ਕਮਿਸ਼ਨ ਅਤੇ ਕੱਚੇ ਕਾਮਿਆਂ ਨੂੰ ਪੱਕੇ ਕਰਨ ਦਾ ਫੌਰੀ ਤੌਰ ਤੇ ਠੀਕ ਢੰਗ ਦਾ ਫੈਸਲਾ ਕਰੇ। ਪੀ.ਆਰ.ਟੀ.ਸੀ. ਵਿੱਚ 300 ਬੱਸਾਂ ਫੌਰੀ ਤੌਰ ਤੇ ਆਪਣੀ ਮਾਲਕੀ ਦੀਆਂ ਪਾਈਆਂ ਜਾਣ। ਸਟੇਜ ਦਾ ਸੰਚਾਲਨ ਰਮੇਸ਼ ਕੁਮਾਰ ਡਿਪਟੀ ਜਨਰਲ ਸਕੱਤਰ ਪੀ.ਆਰ.ਟੀ.ਸੀ. ਰਿਟਾਇਰਡ ਵਰਕਰ ਭਾਈਚਾਰਾ ਯੂਨੀਅਨ ਨੇ ਬਾਖੂਬੀ ਨਿਭਾਇਆ।

# ਅਧਿਆਪਕ ਦਿਵਸ ਮੌਕੇ ਰੈੱਡ ਕਰਾਸ ਨਸਾ ਛੁਡਾਓ ਕੇਂਦਰ ਵਲੋਂ ਕੀਤਾ ਗਿਆ 21 ਅਧਿਆਪਕਾਂ ਨੂੰ ਸਨਮਾਨਿਤ



**ਗੁਰਦਾਸਪੁਰ-ਨਵਨੀਤ ਕੁਮਾਰ**

ਰੈੱਡ ਕਰਾਸ ਨਸਾ ਛੁਡਾਓ ਕੇਂਦਰ ਵਲੋ ਅਧਿਆਪਕ ਦਿਵਸ ਮੌਕੇ ਇੱਕ ਸਮਾਹਰੋਹ ਆਯੋਜਿਤ ਕਰਕੇ 21 ਅਧਿਆਪਕਾਂ ਨੂੰ ਵਿਸ਼ੇਸ ਤੌਰ ਤੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਰੋਮੇਸ਼ ਮਹਾਜਨ ਪ੍ਰੋਜੈਕਟ ਡਾਇਰੈਕਟਰ ਨੇ ਕਿਹਾ ਕਿ ਅਧਿਆਪਕ ਸਾਡੇ ਵਰਤਮਾਨ ਅਤੇ ਭਵਿੱਖ ਦੀ ਸਿਰਜਣਾ ਵਿੱਚ ਅਤਿਮ ਭੂਮਿਕਾ ਨਿਭਾ ਰਹੇ ਹਨ । ਇਨ੍ਹਾਂ ਕਰਕੇ ਹੀ ਸਾਡੇ ਬੱਚੇ ਆਪਣੇ ਜੀਵਨ ਦੀ ਸੁਰੂਆਤ ਤੋਂ ਲੈ ਕੇ ਭਵਿੱਖ ਦੀ ਸਿਰਜਣਾ ਤੱਕ ਸਹੀ ਮਾਰਗ ਤੇ ਚੱਲਦੇ ਹਨ । ਅਧਿਆਪਕ ਸਾਡਾ ਗੁਰੂ ਹੁੰਦਾ ਹੈ ਅਤੇ ਇਹਨਾਂ ਦੇ ਦੱਸੇ ਸਹੀ ਮਾਰਗ ਕਰਕੇ ਹੀ ਅਸੀਂ ਸਫਲ ਹੁੰਦੇ ਹਾਂ । ਇੱਕ ਚੰਗੇ ਵਿਦਿਆਰਥੀ ਦੇ ਚਰਿੱਤਰ ਨਿਰਮਾਣ, ਭਵਿੱਖ ਸਿਰਜਣ ਵਿੱਚ ਅਤੇ ਸਫਲ਼ ਹੋਣ ਪਿਛੇ ਚੰਗੇ ਅਧਿਆਪਕ ਦਾ ਵੱਡਾ ਰੋਲ ਹੁੰਦਾ ਹੈ । ਇਨ੍ਹਾ ਅਧਿਆਪਕਾਂ ਦੇ ਦਿਨ ਰਾਤ ਆਪਣੀ ਜਿੰਮੇਵਾਰੀ ਨੂੰ ਬਾਖੂਬੀ ਨਿਭਾਉਣ ਵਿੱਚ, ਅੰਣਥਕ ਮਿਹਨਤ ਨਾਲ ਕੰਮ ਕਰਨ ਪ੍ਰਤੀ ਇਹਨਾਂ ਨੂੰ ਸਰਾਉਹਣਾ ਸਾਡਾ ਫਰਜ ਬਣਦਾ ਹੈ ਮੌਕੇ ਇਸੇ ਦੇ ਮੱਦੇਨਜਰ ਅਧਿਆਪਕ ਦਿਵਸ ਮੌਕੇ ਇਸ ਸੈਂਟਰ ਵਲੋਂ 21 ਅਧਿਆਪਕਾਂ ਨੂੰ ਸਿਰੋਪਾ ਭੇਂਟ ਕਰਕੇ, ਸਨਮਾਨ ਚਿੰਨ ਦੇ ਕੇ ਅਤੇ ਫੁੱਲਾਂ ਦੇ ਹਾਰ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ ।

ਇਨ੍ਹਾ ਅਧਿਆਪਕਾਂ ਵਿੱਚ ਸ੍ਰੀ ਮਤੀ ਵੀਨਾ ਸ਼ਰਮਾ, ਨਿਧੀ ਸ਼ਰਮਾ, ਸ਼੍ਰੀ ਸੁਖਦੇਵ ਸਿੰਘ, ਸ੍ਰੀ ਰਜਿੰਦਰ ਸਿੰਘ, ਸ੍ਰੀਮਤੀ ਸੁਖਬੀਰ ਕੌਰ, ਦਵਿੰਦਰ ਕੌਰ, ਮਨਜਿੰਦਰ ਕੌਰ, ਸਰਬਜੀਤ ਕੌਰ, ਸ੍ਰੀ ਪਰਮਿੰਦਰ ਸੈਣੀ, ਸ੍ਰੀ ਮਤੀ ਭਵਨਦੀਪ ਕੌਰ, ਮਿਸ ਪੂਨਮ ਸ਼ਰਮਾ, ਸ੍ਰੀ ਜੋਧ ਸਿੰਘ , ਸ੍ਰੀ ਮਤੀ ਗੁਰਵਿੰਦਰ ਕੌਰ, ਗੀਤਿਕਾ ਜੋਤੀ, ਸ੍ਰੀ ਰਾਜੀਵ ਕੁਮਾਰ (ਪ੍ਰਿਸਿਪਲ ), ਰੋਜੀ, ਸਵਿਤਾ ਕਪੂਰ ਆਦਿ ਨੂੰ ਸਨਮਾਨਿਤ ਕੀਤਾ ਗਿਆ ਅਤੇ ਇਸਦੇ ਨਾਲ ਹੀ ਨਸਾ ਮੁਕਤ ਭਾਰਤ ਅਭਿਆਨ ਲਈ ਭਾਰਤ ਸਰਕਾਰ ਦਾ ਸਾਥ ਦੇਣ ਲਈ ਇੰਡੀਅਨ ਰੈਡ ਕਰਾੱਸ ਸੋਸਾਇਟੀ ਦੇ ਅੰਬੈਸਡਰ ਬਣਨ ਲਈ ਵੀ ਪ੍ਰੇਰਿਤ ਕੀਤਾ ਗਿਆ, ਜਿਸ ਤੇ ਸਮੂਹ ਅਧਿਆਪਕਾਂ ਨੇ ਭਰੋਸਾ ਦਿਵਾਇਆ ਕਿ ਉਹ ਵੀ ਨਸਿਆ ਖਿਲਾਫ ਲੜਾਈ ਵਿੱਚ ਸਾਥ ਜਰੂਰ ਦੇਣਗੇ । ਇਸ ਮੌਕੇ ਸਟਾਫ ਮੈਂਬਰ ਰਘੁਵੀਰ ਸਿੰਘ, ਕੋਮਲਪ੍ਰੀਤ ਕੌਰ, ਟੀ.ਐਸ.ਵਾਲਿਆ ਹਾਜਿਰ ਸਨ ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ ਦਿਹਾੜੇ ਤੇ ਨਗਰ ਕੀਰਤਨ ਸਜਾਏ

**ਭੋਗਪੁਰ/ਸੁੱਖਵਿੰਦਰ ਜੰਡੀਰ**

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ ਦਿਹਾੜੇ ਨੂੰ ਸਮਰਪਿਤ ਭੋਗਪੁਰ ਦੇ ਗੁਰਦੁਆਰਾ ਸਿੰਘ ਸਭਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਨਗਰ ਕੀਰਤਨ ਸਜਾਏ ਗਏ ਪੰਜ ਪਿਆਰੇ ਸਾਹਿਬਾਨਾਂ ਵੱਲੋਂ ਨਗਰ ਕੀਰਤਨ ਦੀ ਅਗਵਾਈ ਕੀਤੀ ਗਈ , ਇਲਾਕੇ ਦੇ ਵੱਖ-ਵੱਖ ਹਿੱਸਿਆਂ ਵਿਚੋਂ ਦੀ ਹੁੰਦਾ ਹੋਇਆ ਨਗਰ ਕੀਰਤਨ ਵਾਪਸ ਆਪਣੇ ਅਸਥਾਨ ਤੇ ਪਰਤਿਆ, ਸੰਗਤਾਂ ਵੱਲੋਂ ਭਾਰੀ ਸਵਾਗਤ ਕੀਤਾ ਗਿਆ ਜਗਹ ਜਗਹ ਚਾਹ ਪਕੌੜੇ ਅਤੇ ਗੁਰੂ ਕੇ ਲੰਗਰ ਲਗਾਏ ਗਏ, ਭੋਗਪੁਰ ਦੇ ਸਹਿਰੀ ਪ੍ਰਧਾਨ ਸ੍ਰੋਮਣੀ ਅਕਾਲੀ ਦਲ ਪਰਮਿੰਦਰ ਸਿੰਘ ਕਰਵਲ ਅਤੇ ਉਨ੍ਹਾਂ ਦੀ ਟੀਮ ਵੱਲੋਂ ਸੰਗਤਾਂ ਦੀਆਂ ਸੇਵਾਵਾਂ ਲਈ ਖਾਸ ਪ੍ਰਬੰਧ ਕੀਤੇ ਗਏ , ਸੰਗਤਾਂ ਦੀਆਂ ਸੇਵਾਵਾਂ ਵਾਸਤੇ ਚਾਹ ਪਕੋੜੇ ਅਤੇ ਠੰਡੇ ਮਿੱਠੇ ਜਲ ਦੀ ਸ਼ਬੀਲ ਲਗਾਈ ਗਈ ਅਤੇ ਪਰਮਿੰਦਰ ਸਿੰਘ ਕਰਵਲ ਵੱਲੋਂ ਪੰਜ ਪਿਆਰੇ ਸਾਹਿਬਾਨਾਂ ਨੂੰ ਸਿਰੋਪਾਓ ਨਾਲ ਸਨਮਾਨਤ ਕੀਤਾ ਗਿਆ ਇਸ ਮੌਕੇ ਤੇ ਭਾਈ ਨਿਰਮਲ ਸਿੰਘ ਜੀ, ਭਾਈ ਕੁਲਦੀਪ ਸਿੰਘ ਜੀ ਨੂਰੀ, ਭਾਈ ਜਗਤਾਰ ਸਿੰਘ ਜੀ, ਹਜਾਰਾ ਸਿੰਘ ਜੀ, ਭਾਈ ਹਰਜੀਤ ਸਿੰਘ ਜੀ, ਭਾਈ ਕਰਨੈਲ ਸਿੰਘ ਜੀ, ਭਾਈ ਜਗਜੀਤ ਸਿੰਘ ਜੀ, ਰਕੇਸ ਮਹਿਤਾ, ਵਿਜੇ ਸੋਨੀ ਆਦਿ ਹਾਜਰ ਸਨ।



# ਚੋਰੀਆਂ ਕਰਨ ਵਾਲਾ ਗਰੋਹ ਕਾਬੂ ਪੁਲਿਸ ਨੇ ਕੀਤਾ ਮਾਮਲਾ ਦਰਜ

**ਭੋਗਪੁਰ/ਸੁੱਖਵਿੰਦਰ ਜੰਡੀਰ**

ਬਿਜਲੀ ਦੇ ਟਰਾਂਸਫਾਰਮਾਂ ਚੋ ਤੇਲ ਚੋਰੀ ਕਰਨ ਵਾਲੇ ਗਰੋਹ ਨੂੰ ਪੁਲਿਸ ਵੱਲੋਂ ਕਾਬੂ ਕੀਤਾ ਗਿਆ ਹੈ, ਡੀਐਸਪੀ ਸਬ-ਡਵੀਜਨ ਆਦਮਪੁਰ ਹਰਿੰਦਰ ਸਿੰਘ ਮਾਨ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਐਸ ਐਸ ਪੀ ਜਲੰਧਰ ਦਿਹਾਤੀ ਨਵੀਨ ਸਿੰਗਲਾ ਦੀ ਅਗਵਾਈ ਹੇਠ ਹੋਰਾਂ ਖਿਲਾਫ ਚਲਾਈ ਗਈ ਮੁਹਿੰਮ ਓਸਾਰ ਭੋਗਪੁਰ ਪੁਲਸ ਵੱਲੋਂ ਬਿਜਲੀ ਦੇ ਟਰਾਂਸਫਰਮਾਂ ਵਿੱਚੋਂ ਤੇਲ ਚੋਰੀ ਕਰਨ ਵਾਲੇ ਗਰੋਹ ਦੇ ਤਿੰਨ ਮੈਂਬਰਾਂ ਨੂੰ ਚੋਰੀ ਕਰਨ ਵੇਲੇ ਵਰਤਣ ਵਾਲੇ ਸਮਾਨ ਸਮੇਤ ਕਾਬੂ ਕੀਤਾ ਗਿਆ ਹੈ, ਜਿਨਾਂ ਦੀ ਪਹਿਚਾਣ ਹਰਪਾਲ ਸਿੰਘ ਉਰਫ ਹੈਪੀ, ਪੁੱਤਰ ਮਹਿੰਦਰ ਸਿੰਘ,ਗੁਰਪ੍ਰੀਤ ਰਾਮ ਉਰਫ ਗੋਪੀ, ਪੁੱਤਰ ਕਰਨੈਲ ਸਿੰਘ ਅਤੇ ਕੁਲਬੀਰ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਕੇਸੋਪੁਰਾ ਥਾਣਾ ਗੜ੍ਹਦੀਵਾਲ ਜਲਿਾ ਹੁਸਆਿਰਪੁਰ ਵਜੋਂ ਹੋਈ ਹੈ, ਪੁਲਿਸ ਵੱਲੋਂ ਗੱਡੀ ਦੀ ਤਲਾਸੀ ਲੈਣ ਤੇ ਤਿਨ ਖਾਲੀ ਡਰੰਮ ਜੋ ਕਿ ਬਿਜਲੀ ਦੇ ਟਰਾਂਸਫਾਰਮਰਾਂ ਦੇ ਤੇਲ ਦੇ ਨਾਲ ਲਿੱਬੜੇ ਹੋਏ ਸਨ, ਜਿਨ੍ਹਾਂ ਵਿੱਚ ਤਕਰੀਬਨ ਪੰਜ ਲੀਟਰ ਬਿਜਲੀ ਦੇ ਟਰਾਂਸਫਾਰਮਰਾਂ ਦਾ ਤੇਲ, ਇਕ 15 ਫੁੱਟ ਲੰਬੀ ਪਾਈਪ ਬਰਾਮਦ ਕੀਤੀ ਗਈ, ਪੁਲਿਸ ਵੱਲੋਂ ਤਿਨਾਂ ਦੇ ਖਲਾਫ ਮਾਮਲਾ ਦਰਜ ਕਰ ਕੇ ਮੁਲਜਮਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ, ਉਨ੍ਹਾਂ ਦੱਸਿਆ ਕਿ ਮੁਲਜਮਾਂ ਦਾ ਜਲਦ ਪੁਲਿਸ ਰਿਮਾਂਡ ਕਰ ਲਿਆ ਜਾਵੇਗਾ ਅਤੇ ਮੁਲਜਮਾਂ ਵੱਲੋਂ ਕੀਤੀਆਂ ਗਈਆਂ ਵਾਰਦਾਤਾਂ ਅਤੇ ਚੋਰੀਆਂ ਕਰਨ ਸਬੰਧੀ ਜਾਂਚ ਕੀਤੀ ਜਾਵੇਗੀ।







# ਮੈਗਾਡਰਾਈਵ ਮੁਹਿੰਮ ਤਹਿਤ ਲੋਕਾਂ ਨੂੰ ਕੋਵਿਡ ਵੈਕਸੀਨ ਕੈਂਪ ਵਿੱਚ 250 ਦੇ ਲੱਗਭੱਗ ਪਹਿਲੀ ਤੇ ਦੂਜੀ ਡੋਜ਼ ਲਗਾਈ ਗਈ

**ਪਟਿਆਲਾ/ਜਗਦੀਸ ਰਾਈਕਾ**

ਗਿਆਨ ਜਯੋਤੀ ਐਜੂਕੇਸਨ ਸੁਸਾਇਟੀ ਰਜਿ ਪਟਿਆਲਾ ਵਲੋਂ ਦਰਗਾਹ ਸਰੀਫ ਚਿਸਤੀ ਸਾਬਰੀ ਨੇੜੇ ਰੋਜ ਗਾਰਡਨ ਡਵੀਜਨ ਨ 4ਵਿਖੇ ਕੋਵਿਡ 19 ਵੈਕਸੀਨੇਸਨ ਕੋਵਿਡਸੀਲ ਕੈਂਪ ਲਗਾਇਆ ਗਿਆ ਜਿਸ ਵਿਚ ਪਹਿਲੀ ਤੇ ਦੂਜੀ ਡੋਜ ਲਗਾਈ ਗਈ। ਕੈਂਪ ਦਾ ਉਦਘਾਟਨ ਖਲੀਫਾ ਗੱਦੀ ਨਸੀਨ ਮਨਪ੍ਰੀਤ ਸਾਹ ਜੀ ਤੇ ਡਾ ਪੁਨੀਤ ਕੌਰ ਨੇ ਸਾਂਝੇ ਤੌਰ ਤੇ ਕੀਤਾ ।ਕੋਵਿਡ ਵੈਕਸੀਨ ਜਰੂਰ ਲਵਾਣੀ ਚਾਹੀਦੀ ਹੈ ਨਾਗਿਰਕਾਂ ਵਿੱਚ ਕਾਫੀ ਜਾਗਰੂਕਤਾ ਪਾਈ ਗਈ ਇਹ ਕਿਹਾ ਸੁਸਾਇਟੀ ਦੇ ਪ੍ਰਧਾਨ ਉਪਕਾਰ ਸਿੰਘ ਨੇ ਡਾ ਪੁਨੀਤ ਕੌਰ ਨੇ ਆਮ ਲੋਕਾਂ ਨੂੰ ਕੋਵਿਡ ਵੈਕਸੀਨ ਲਵਾਉਣ ਲਈ ਪ੍ਰੇਰਿਤ ਕੀਤਾ ਤੇ ਸੁਨੇਹਾ ਦਿੱਤਾ ਕਿ ਨਾਗਰਿਕਾਂ ਨੂੰ ਦੋਨੇ ਡੋਜ ਜਰੂਰ ਲਵਾਣੀ ਚਾਹੀਦੀ ਹੈ। ਡਾ ਜੁਗੇਸ ਭਾਟੀਆ ਹਰਮਨਦੀਪ ਕੌਰ,ਰੂਬੀ , ਕਿਰਤੀ ਮੈਡੀਕਲ ਟੀਮ ਸੁਸਾਇਟੀ ਵਲੋਂ ਡਾ ਪ੍ਰਮੋਦ ਕੁਮਾਰ,ਡਾ ਹਰਨੇਕ ਸਿੰਘ,ਕਾਕਾ ਰਾਮ ਵਰਮਾ ਮਨਜੀਤ ਕੌਰ ਅਜਾਦ ਮੋਹਨਜੀਤ ਸਿੰਘ ਪ੍ਰਿੰਸੀਪਲ ਯੋਗੇਸ ਸਿੰਗਲਾ ਰਸਵਿੰਦਰ ਸਿੰਘ ਜੇ ਜੀ ਚਰਨਪਰੀਤ ਸਿੰਘ ਬਲਵਿੰਦਰ ਸਿੰਘ ਬੋਬੀ,ਸਤੀਸ ਕੁਮਾਰ, ਕੁਨਾਲ ,ਹੈਪੀ ਰਿਸ਼ੂ ਦੇ ਸਹਿਯੋਗ ਨਾਲ ਕੈਂਪ ਸੰਪੂਰਨ ਹੋਇਆ।

# ਪਿੰਡ ਅਲਾਵਲਪੁਰ ਵਿਖੇ ਬਣਿਆ ਖ਼ੂਬਸੂਰਤ ਛੱਪੜ, ਇਲਾਕੇ ਲਈ ਬਣਿਆ ਖਿੱਚ ਦਾ ਕੇਂਦਰ



**ਗੁਰਦਾਸਪੁਰ-ਨਵਨੀਤ ਕੁਮਾਰ**

ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ ਦੀ ਅਗਵਾਈ ਹੇਠ 'ਮਗਨਰੇਗਾ' ਸਕੀਮ ਤਹਿਤ ਪਿੰਡਾਂ ਦੀ ਵਿਕਾਸ ਪੱਖੋ ਕਾਇਆ ਕਲਪ ਕੀਤੀ ਜਾ ਰਹੀ ਹੈ ਅਤੇ ਜ਼ਿਲੇ ਅੰਦਰ 69 ਪਿੰਡਾਂ ਅੰਦਰ ਥਾਪਰ ਮਾਡਲ ਤਹਿਤ ਛੱਪੜਾਂ ਦਾ ਨਵੀਨੀਕਰਨ ਕੀਤਾ ਜਾ ਚੁੱਕਾ ਹੈ। ਦੱਸਣਯੋਗ ਹੈ ਕਿ ਗੁਰਦਾਸਪੁਰ ਜ਼ਿਲ੍ਹਾ ਮਗਨਰੇਗਾ ਤਹਿਤ ਵਿਕਾਸ ਕੰਮ ਕਰਵਾਉਣ ਵਿਚ ਪੰਜਾਬ ਵਿਚ ਪਹਿਲੇ ਨੰਬਰ 'ਤੇ ਹੈ ਅਤੇ ਜ਼ਿਲੇ ਅੰਦਰ 'ਮਗਨਰੇਗਾ' ਸਕੀਮ ਤਹਿਤ ਵਿਕਾਸ ਕੰਮ ਪੂਰੀ ਤੇਜ਼ੀ ਨਾਲ ਕੀਤੇ ਜਾ ਰਹੇ ਹਨ। ਮਗਨਰੇਗਾ ਸਕੀਮ ਤਹਿਤ ਪਿੰਡ ਅਲਾਵਲਪੁਰ, ਬਲਾਕ ਕਲਾਨੌਰ, ਗੁਰਦਾਸਪੁਰ ਵਿਖੇ ਥਾਪਰ ਮਾਡਲ ਤਹਿਤ ਛੱਪੜ ਦਾ ਨਵੀਨੀਕਰਨ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪਿੰਡ ਦੇ ਸਰਪੰਚ ਹਰਵਿੰਦਰ ਸਿੰਘ ਨੇ ਦੱਸਿਆ ਕਿ ਪਹਿਲਾਂ ਇਸ ਛੱਪੜ ਦਾ ਬਹੁਤ ਮੰਦਾ ਹਾਲ ਸੀ। ਛੱਪੜ ਦਾ ਪਾਣੀ ਓਵਰਫਲੋ ਹੋ ਕੇ ਘਰਾਂ ਵਿਚ ਵੜ੍ਹ ਜਾਂਦਾ ਸੀ ਤੇ ਲੋਕ ਬਹੁਤ ਪ੍ਰੇਸ਼ਾਨ ਸਨ ਪਰ ਛੱਪੜ ਮਗਨਰੇਗਾ ਸਕੀਮ ਤਹਿਤ ਥਾਪਰ ਮਾਡਲ ਤਹਿਤ ਵਿਕਸਿਤ ਕੀਤੇ ਜਾਣ ਨਾਲ ਲੋਕਾਂ ਨੂੰ ਸੁੱਖ ਦਾ ਸਾਹ ਲਿਆ ਹੈ। ਪਿੰਡ ਦੇ ਸੀਵਰੇਜ ਵਾਲੇ ਪਾਣੀ ਨੂੰ ਛੱਪੜ ਦੇ ਨੇੜੇ ਬਣੇ ਖੂਹਾਂ ਵਿਚ ਫਿਲਟਰ ਕਰਕੇ ਅੱਗੇ ਛੱਪੜ ਵਿਚ ਪਾਇਆ ਜਾਂਦਾ ਹੈ ਅਤੇ ਛੱਪੜ ਦੇ ਪਾਣੀ ਨੂੰ ਅੱਗੇ ਖੇਤੀ ਕੰਮਾਂ ਲਈ ਵਰਤਿਆ ਜਾਂਦਾ ਹੈ। ਉਨਾਂ ਦੱਸਿਆ ਕਿ ਛੱਪੜ ਦੇ ਨਵੀਨੀਕਰਨ ਉੱਪਰ ਕਰੀਬ 12 ਲੱਖ 25 ਹਜ਼ਾਰ ਰੁਪਏ ਖਰਚ ਕੀਤੇ ਗਏ ਹਨ। ਸਰਪੰਚ ਹਰਵਿੰਦਰ ਸਿੰਘ ਨੇ ਅੱਗੇ ਦੱਸਿਆ ਕਿ ਛੱਪੜ ਦੇ ਆਲੇ-ਦੁਆਲੇ ਖ਼ੂਬਸੂਰਤ ਗਮਲੇ ਲਗਾਏ ਗਏ ਹਨ, ਸਟਰੀਟ ਲਾਈਟਸ ਲਗਾਈਆਂ ਗਈਆਂ ਹਨ ਅਤੇ ਲੋਕਾਂ ਦੇ ਬੈਠਣ ਲਈ ਬੈਂਚ ਵੀ ਲਗਾਏ ਗਏ ਹਨ। ਪਿੰਡ ਵਾਸੀ ਸਵੇਰੇ-ਸ਼ਾਮ ਸੈਰ ਕਰਦੇ ਹਨ, ਖ਼ੂਬਸੂਰਤ ਛੱਪੜ ਦੀ ਉਸਾਰੀ ਨਾਲ ਪਿੰਡ ਵਾਸੀ ਬਹੁਤ ਖੁਸ਼ ਹਨ ਅਤੇ ਪਿੰਡ ਦੀ ਖ਼ੂਬਸੂਰਤੀ ਨੂੰ ਚਾਰ ਚੰਨ ਲੱਗ ਗਏ ਹਨ।

■ ਪਿੰਡ ਦੀ ਪੰਚਾਇਤ ਨੇ ਛੱਪੜ ਦੇ ਸੁੰਦਰੀਕਰਨ ਲਈ ਕੀਤਾ ਸ਼ਾਨਦਾਰ ਉਪਰਾਲਾ

# ਪਾਵਰਕਾਮ ਪੈਨਸ਼ਨਰਜ 11 ਸਤੰਬਰ ਨੂੰ ਚੰਡੀਗੜ੍ਹ ਤੇ 29 ਸਤੰਬਰ ਨੂੰ ਹੈਡ ਆਫਿਸ ਅੱਗੇ ਧਰਨਿਆਂ ਵਿੱਚ ਸ਼ਾਮਿਲ ਹੋਣਗੇ

**ਪਟਿਆਲਾ/ਜਗਦੀਸ ਰਾਈਕਾ**

ਪਟਿਆਲਾ: ਪੈਨਸ਼ਨਰਜ ਐਸੋਸੀਏਸ਼ਨ (ਰਜਿ.) ਪੰਜਾਬ ਸਟੇਟ ਪਾਵਰ ਤੇ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਦੇ ਸਬ ਅਰਬਨ ਯੂਨਿਟ ਪਟਿਆਲਾ ਦੀ ਮਹੀਨਾਵਾਰ ਮੀਟਿੰਗ ਸ੍ਰ. ਅਤਰ ਸਿੰਘ ਮੰਡਲ ਪ੍ਰਧਾਨ ਦੀ ਪ੍ਰਧਾਨਗੀ ਵਿੱਚ ਹੋਈ ਜਿਸ ਵਿੱਚ ਸ੍ਰ. ਧਨਵੰਤ ਸਿੰਘ ਭੱਠਲ ਸੂਬਾ ਜਨਰਲ ਸਕੱਤਰ, ਸਰਕਲ ਆਗੂ ਸੁਰਜੀਤ ਪਾਲ ਤੇ ਗੁਰਚਰਨ ਦਾਸ ਸੋਹਲ ਵੀ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਮੀਟਿੰਗ ਦੀ ਕਾਰਵਾਈ ਪ੍ਰੈਸ ਲਈ ਰਲੀਜ ਕਰਦੇ ਹੋਏ ਮੰਡਲ ਸਕੱਤਰ ਸ਼੍ਰੀ ਗੁਰਦੀਪ ਸਿੰਘ ਨੇ ਕਿਹਾ ਕਿ ਸਬ ਮੰਡਲ ਪਟਿਆਲਾ ਦੇ ਸਮੂਹ ਪੈਨਸ਼ਨਰਜ 11 ਸਤੰਬਰ ਨੂੰ ਚੰਡੀਗੜ੍ਹ ਸੈਕਟਰ 25 ਵਿਖੇ, 29 ਸਤੰਬਰ ਨੂੰ ਪਟਿਆਲਾ ਵਿਖੇ ਪਾਵਰ ਕਾਰਪੋਰੇਸ਼ਨ ਦੇ ਮੁੱਖ ਦਫਤਰ ਦੇ ਗੇਟਾਂ ਤੇ ਕੀਤੇ ਜਾ ਰਹੇ ਪ੍ਰਦਰਸ਼ਨ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ। ਇਸ ਤੋਂ ਇਲਾਵਾ ਤਾਲਮੇਲ ਸੰਘਰਸ਼ ਕਮੇਟੀ ਤੇ ਪੈਨਸ਼ਨਰਜ ਐਸੋਸੀਏਸ਼ਨ ਵੱਲੋਂ ਉਲੀਕੇ ਸੰਘਰਸ਼ ਪ੍ਰੋਗਰਾਮਾਂ ਵਿੱਚ ਵੀ ਪੂਰੀ ਸਿਦਕ ਦਿਲੀ ਤੇ ਦ੍ਰਿੜਤਾ ਨਾਲ ਸ਼ਮੂਲੀਅਤ ਕੀਤੀ ਜਾਵੇਗੀ। ਅੱਜ ਦੀ ਮੀਟਿੰਗ ਵਿੱਚ ਸਰਵ ਸ਼੍ਰੀ ਓਮ ਪ੍ਰਕਾਸ਼, ਕਾਕਾ ਸਿੰਘ, ਧਰਮ ਸਿੰਘ, ਬਲਵੰਤ ਸਿੰਘ ਅਤੇ ਗੁਰਬਚਨ ਸਿੰਘ ਵੀ ਹਾਜਰ ਸਨ।



# ਸਮਾਜ ਸੇਵੀਆਂ ਵੱਲੋਂ ਲਗਾਏ ਜਾ ਰਹੇ ਪੌਦੇ ਪ੍ਰਦੂਸ਼ਣ ਰਹਿਤ ਵਾਤਾਵਰਣ ਦੀ ਸਿਰਜਣਾ ਕਰਨਗੇ: ਤੇਜਿੰਦਰ ਸਿੰਘ ਜਸ਼ਨ



**ਮੋਗਾ/ਦਵਿੰਦਰ ਸਿੰਘ ਬਿੱਟੂ**

ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਵੱਲੋਂ ਸਮੇਂ ਸਮੇਂ 'ਤੇ ਵਾਤਾਵਰਣ ਸ਼ੁੱਧਤਾ ਲਈ ਖੁੱਲ ੀਆਂ ਥਾਵਾਂ ਅਤੇ ਪਾਰਕਾਂ ਵਿਚ ਲਗਾਏ ਜਾ ਰਹੇ ਪੌਦੇ ਆਉਣ ਵਾਲੇ ਵਿਚ ਦਰਖਤਾਂ ਦਾ ਰੂਪ ਅਖਤਿਆਰ ਕਰਕੇ ਪੰਜਾਬ ਦੀ ਆਬੋ ਹਵਾ ਨੂੰ ਸ਼ੁੱਧ ਕਰਕੇ ਪ੍ਰਦੂਸ਼ਣ ਰਹਿਤ ਵਾਤਾਵਰਣ ਦੀ ਸਿਰਜਣਾ ਕਰਨਗੇ। 'ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਤੇਜਿੰਦਰ ਸਿੰਘ ਜਸ਼ਨ ਸਟੇਟ ਅਵਾਰਡੀ ਨੇ ਦਸ਼ਮੇਸ਼ ਨਗਰ ਵਿਖੇ ਪੌਦੇ ਲਗਾਉਣ ਦੀ ਮੁਹਿਮ ਦੌਰਾਨ ਕੀਤਾ। ਇਸ ਮੌਕੇ ਤੇਜਿੰਦਰ ਸਿੰਘ ਜਸ਼ਨ ਦੀ ਬੇਨਤੀ 'ਤੇ ਨਗਰ ਨਿਗਮ ਦੇ ਚੀਫ਼ ਸੈਨੇਟਰੀ ਇੰਸਪੈਕਟਰ ਬਿਕਰਮਜੀਤ ਸਿੰਘ ਅਤੇ ਸੈਨਟਰੀ ਇੰਸਪੈਕਟਰ ਵਿਕਾਸ ਵਾਸੂਦੇਵ, ਨਵਦੀਪ ਕੁਮਾਰ ਖੇਤੀਬਾੜੀ ਇੰਸਪੈਕਟਰ, ਨਿਗਮ ਇੰਸਪੈਕਟਰ ਰਜਨੀਸ਼ ਕੁਮਾਰ ਅਤੇ ਅਮਰਜੀਤ ਸਿੰਘ ਸੈਨਟਰੀ ਇੰਸਪੈਕਟਰ ਨੇ ਕਮਿਸ਼ਨਰ ਨਗਰ ਨਿਗਮ ਦੇ ਸਾਹਮਣੇ ਬਣੇ ਪਾਰਕ ਵਿਚ ਆੜੂ, ਬਦਾਮ ਅਤੇ ਮੈਡੀਸਨਲ ਪੌਦੇ ਆਪਣੇ ਹੱਥੀਂ ਲਗਾਏ । ਇਸ ਮੌਕੇ ਪਤਵੰਤਿਆਂ ਨੇ ਭਵਿੱਖ ਵਿਚ ਹੋਰ ਔਸ਼ਧੀ ਯੁਕਤ ਪੌਦੇ ਲਗਾਉਣ ਅਤੇ ਪਹਿਲਾਂ ਲੱਗੇ ਪੌਦਿਆਂ ਦੀ ਸਾਂਭ ਸੰਭਾਲ ਦਾ ਅਹਿਦ ਵੀ ਲਿਆ।

# 2022 ਵਿੱਚ ਪੰਜਾਬ ਦੇ ਲੋਕਾਂ ਦੀ ਪਹਿਲੀ ਪਸੰਦ ਸੁਖਬੀਰ ਸਿੰਘ ਬਾਦਲ : ਓਂਕਾਰ ਅਰੋੜਾ

**ਕਪੂਰਥਲਾ/ਪਰਮਜੀਤ ਸੰਨੀ**

ਕਪੂਰਥਲਾ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੰਭਾਵਿਤ ਉਮੀਦਵਾਰ ਹਰਚਰਨ ਸਿੰਘ ਵਾਲੀਆ ਦੀ ਅਗਵਾਈ ਵਿਚ ਕਪੂਰਥਲਾ ਤੋ ਇੱਕ ਜਥਾ ਸੁਖਬੀਰ ਸਿੰਘ ਬਾਦਲ ਨੂੰ ਉਨ੍ਹਾਂ ਦੇ ਪਿੰਡ ਲੰਬੀ ਵਿਖੇ ਮਿਲਣ ਨਹੀਂ ਪਹੁੰਚਿਆ ਉਸ ਮੌਕੇ ਤੇ ਕਪੂਰਥਲਾ ਤੋਂ ਓਂਕਾਰ ਅਰੋੜਾ ਨੇ ਆਉਣ ਵਾਲੀਆਂ ਵਿਧਾਨਸਭਾ ਚੋਣਾਂ ਮੌਕੇ ਕਪੂਰਥਲਾ ਦੀ ਸੀਟ ਨੂੰ ਜੀਤ ਕੇ ਪਾਰਟੀ ਦੀ ਝੋਲੀ ਪਾਉਣ ਦੇ ਲਈ ਪਾਰਟੀ ਦੇ ਲਈ ਦਿਨ ਰਾਤ ਮਿਹਨਤ ਕਰਨ ਤੇ ਤਨ ਮਨ ਧਨ ਨਾਲ ਸਹਿਯੋਗ ਕਰਨ ਦਾ ਭਰੋਸਾ ਦਿਵਾਇਆ। ਅਰੋੜਾ ਨੇ ਕਿਹਾ ਕਿ ਐਚ ਐਸ ਵਾਲਿਆ ਕਪੂਰਥਲਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਮਜਬੂਤ ਉਮੀਦਵਾਰ ਹਨ ਅਤੇ ਕਪੂਰਥਲਾ ਸੀਟ ਨੂੰ ਜਿੱਤ ਕੇ ਭਾਰਤ ਦੀ ਝੋਲੀ ਵਿੱਚ ਪਾਉਣ ਦਾ ਪੂਰਾ ਦਮ ਰੱਖਦੇ ਹਨ । ਇਸ ਮੌਕੇ ਤੇ ਉਨ੍ਹਾਂ ਦੇ ਨਾਲ ਕੌਂਸਲਰ ਹਰੀਸ਼ ਕੁਮਾਰ, ਗੋਪਾਲ ਕ੍ਰਿਸ਼ਨ, ਰਾਕੇਸ ਗੁਪਤਾ ਨੀਰਜ ਸ਼ਰਮਾ, ਅਤੇ ਹੋਰ ਆਗੂ ਹਾਜਰ ਸਨ।

■ ਕੇਪੀਟੀ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਦੌਰਾਨ ਓਂਕਾਰ ਅਰੋੜਾ



# ਕੈਸਪਰਸਕਾਯ ਅਤੇ ਏਅਰਟੈਲ ਨੇ ਉਪਭੋਗਤਾਵਾਂ ਦੀ ਆਨਲਾਈਨ ਯਾਤਰਾ ਨੂੰ ਸੁਰੱਖਿਅਤ ਬਣਾਉਣ ਲਈ ਇੱਕ ਦੂਜੇ ਨਾਲ ਮਿਲਾਇਆ ਹੱਥ

**ਅੰਮਿਤਸਰ/ਲੋਕ ਬਾਣੀ**

ਸਾਈਬਰ ਖਤਰੇ ਲਗਾਤਾਰ ਵਧ ਰਹੇ ਇਲ ਅਤੇ ਪਿਛਲੇ 2 ਸਾਲਾਂ ਵਿਚ ਸਾਈਬਰ ਅਪਰਾਧੀ ਭਾਰਤ ਵਿਚ ਇੰਟਰਨੈਟ ਵਰਤਣ ਵਾਲਿਆਂ ਨੂੰ ਟਾਰਗੇਟ ਬਣਾ ਰਹੇ ਹਨ . ਸਾਲ 2021 ਦੀ ਪਹਿਲੀ ਤਿਮਾਹੀ ਵਿਚ ਕੈਸਪਰਸਕਾਯ ਦੇ ਪ੍ਰੋਡਕਟਾਂ ਨੇ ਇੰਟਰਨੈਟ ਤੇ 37,650,472 ਸਾਈਬਰ ਖਤਰਿਆਂ ਨੂੰ ਪਛਾਨਿਆ . ਮੋਬਾਈਲ ਦੀ ਵਰਤੋਂ ਵੀ ਖਤਰਿਆਂ ਵਿਚ ਹੈ ਕਿਉਂਕਿ ਸਾਈਬਰ ਅਪਰਾਧੀ ਆਪਣੇ ਲਾਭ ਦੇ ਲਈ ਉਨ੍ਹਾਂ ਤੇ ਹਮਲਾ ਕਰ ਰਹੇ ਹਨ ਅਤੇ ਉਨ੍ਹਾਂ ਦੇ ਨਿਜੀ ਡੇਟਾ ਨੂੰ ਹਾਸਲ ਕਰ ਰਹੇ ਹਨ . ਭਾਰਤ ਵਿਚ 2019 ਦੇ ਬਾਅਦ ਤੋਂ ਮੋਬਾਈਲ ਥ੍ਰੇਟਸ ਦੀ ਗਿਣਤੀ ਗਈ ਗੁਣਾਂ ਤੇਜੀ ਨਾਲ ਵਧੀ ਹੈ . ਸਾਲ 2020 ਵਿਚ ਮੋਬਾਈਲ ਥ੍ਰੇਟਸ ਦੀ ਦ੍ਰਿਸਟੀ ਨਾਲ ਭਾਰਤ ਦੁਨੀਆਂ ਦੇ 7 ਟਾਪ ਦੇਸਾਂ ਵਿਚ ਸਾਮਲ ਰਿਹਾ .' ਯੂਜੀਨ ਕੈਸਪਰਸਕਾਯ, ਸੀਈਓ, ਕੈਸਪਰਸਕਾਯ ਨੇ ਕਿਹਾ, 'ਮੋਹਰੀ ਗਲੋਬਲ ਟੈਲੀਕਮਿਊਨੀਕੇਸਨ ਕੰਪਨੀ ਅਤੇ ਸਭ ਤੋਂ ਵੱਡੇ ਮੋਬਾਈਲ ਸੇਵਾ ਪ੍ਰਦਾਤਾਵਾਂ ਵਿਚੋਂ ਇੱਕ ਭਾਰਤੀ ਏਅਰਟੈਲ ਦੇ ਨਾਲ ਜੁੜਦੇ ਹੋਏ ਸਾਨੂੰ ਬਹੁਤ ਖੁਸੀ ਦਾ ਅਨੁਭਵ ਹੋ ਰਿਹਾ ਹੈ . ਆਪਣੇ ਯੂਜਰ ਨੂੰ ਸੁਰੱਖਿਅਤ ਬਣਾਈ ਰੱਖਣਾ, ਇੰਟਰਨੈਟ ਤੇ ਉਨ੍ਹਾਂ ਦੀ ਸੁਰੱਖਿਆ ਨੂੰ ਸੁਨਿਸਚਿਤ ਕਰਨਾ ਅਤੇ ਇੱਕ ਸੁਰੱਖਿਅਤ ਡਿਜੀਟਲ ਦੁਨੀਆਂ ਦਾ ਨਿਰਮਾਣ ਕਰਨਾ ਇਸਦਾ ਮਕਸਦ ਹੈ .'

ਪ੍ਰਦੀਪਤ ਕਪੂਰ, ਸੀਈਓ, ਭਾਰਤੀ ਏਅਰਟੈਲ ਨੇ ਕਿਹਾ, 'ਅੱਜ ਉਪਭੋਗਤਾ ਦੀ ਜੀਵਨਸੈਲੀ ਡਿਜੀਟਲ ਮਾਧਿਅਮਾਂ ਦੇ ਵੱਲ ਰੁਖ ਕਰ ਗਈ ਹੈ . ਅਜਿਹੇ ਵਿਚ ਸਾਡੇ ਸਾਰਿਆਂ ਦੇ ਲਈ ਜਰੂਰੀ ਹੈ ਕਿ ਅਸੀਂ ਸੁਰੱਖਿਆ ਸਮਾਧਾਨਾਂ ਨੂੰ ਅਪਣਾਈਏ . ਏਅਰਟੈਲ ਵਿਸਵ ਪੱਧਰੀ ਮੁੱਢਲੀਆਂ ਸੁਵਿਧਾਵਾਂ ਅਤੇ ਸਾਂਝੇਦਾਰੀਆਂ ਦੇ ਮਾਧਿਅਮ ਨਾਲ ਇੱਕ ਸੁਰੱਖਿਅਤ ਨੈਟਵਰਕ ਬਣਾਉਣ ਦੇ ਲਈ ਲਗਾਤਾਰ ਕੋਸਸਿ ਕਰ ਰਹੇ ਹਾਂ .'

'ਅੱਜ ਕੱਲ ਮੈਲੀਸੀਅਸ ਐਪ, ਸਪਾਯਵੇਅਰ, ਮੋਬਾਈਲ ਬੈਂਕਿੰਗ ਟ੍ਰੋਜਨ, ਐਡਵੇਅਰ, ਫਿਸ਼ਿੰਗ ਅਟੈਕ, ਰੈਮਸਮਵੇਅਰ ਅਟੈਕ ਆਦਿ ਸਮਾਰਟਫੋਨ ਯੂਜਰ ਦੇ ਲਈ ਸਭ ਤੋਂ ਵੱਡਾ ਖਤਰਾ ਬਣ ਚੁੱਕੇ ਹਨ, ਜਿਸਦੇ ਲਈ ਉਨ੍ਹਾਂ ਨੂੰ ਹਰ ਸਮੇਂ ਸੁਰੱਖਿਅਤ ਰਹਿਣਾ ਜਰੂਰੀ ਹੈ . ਅੱਜ ਦੇ ਦੌਰ ਵਿਚ ਡੇਟਾ ਦੀ ਗੋਪਨੀਯਤਾ ਸਾਡੇ ਜੀਵਨ ਵਿਚ ਸਭ ਤੋਂ ਜਿਆਦਾ ਮਹੱਤਵਪੂਰਣ ਹੋ ਗਈ ਹੈ, ਸਮਾਰਟਫੋਨ ਸਾਡੇ ਨਿਜੀ ਡੇਟਾ ਦਾ ਮੁੱਖ ਸਰੋਤ ਬਣ ਗਿਆ ਹੈ।

ਸ੍ਰੀ ਦੀਪੇਸ ਨੇ ਆਪਣੀ ਗੱਲ ਨੂੰ ਜਾਰੀ ਰੱਖਦੇ ਹੋਏ ਕਿਹਾ, 'ਏਅਰਟੈਲ ਦੇ ਨਾਲ ਸਾਡੀ ਸਾਂਝੇਦਾਰੀ ਨਾ ਸਿਰਫ ਕਾਰੋਬਾਰ ਦੇ ਨਜਰੀਏ ਨਾਲ ਸਾਮਰਿਕ ਸਾਂਝੇਦਾਰੀ ਹੈ, ਸਗੋਂ ਸਮਾਰਟਫੋਨ ਵਰਤਣ ਵਾਲਿਆਂ ਨੂੰ ਸਾਈਬਰ ਖਤਰਿਆਂ ਦੇ ਬਾਰੇ ਵਿਚ ਜਾਗਰੁਕ ਬਣਾਉਣ ਦੇ ਲਈ ਵੀ ਮਹੱਤਵਪੂਰਣ ਹੈ, ਜਿਹੜੇ ਸਾਈਬਰ ਅਪਰਾਧੀਆਂ ਦਾ ਸਕਿਾਰ ਬਣ ਸਕਦੇ ਹਨ।'

kaspersky

# ਕਿਸੇ ਨੇ ਜਦੋਂ ਗੱਲ ਨਾ ਸੁਣੀ, ਫਿਰ ਅੱਕਿਆਂ ਨੇ ਕੀਤੀ ਰੋਡ ਜ਼ਾਮ

■ ਕੌਂਸਲ ਦੇ ਮੀਤ ਪ੍ਰਧਾਨ ਨਰਿੰਦਰ ਗਰਗ ਨੀਟਾ ਨੇ ਕਿਹਾ ਬਹੁਤ ਜਲਦ ਪੂਰਾ ਕਰਵਾ ਦਿਆਂਗੇ ਸੜਕ ਦਾ ਕੰਮ



**ਬਰਨਾਲਾ/ਰਮਨਦੀਪ ਧਾਲੀਵਾਲ**

ਬਰਨਾਲਾ ਸਹਿਰ ਦੇ ਵਾਲਮੀਕ ਚੌਂਕ ਤੋਂ ਬੱਸ ਅੱਡੇ ਨੂੰ ਜਾ ਰਹੀ ਸੜ੍ਹਕ ਦੀ ਖਸ਼ਤਾਹਾਲ ਕਾਰਨ ਅੱਕੇ ਦੁਕਾਨਦਾਰਾਂ ਨੇ ਅੱਜ ਪ੍ਰਸ਼ਾਸ਼ਨ ਖਿਲਾਫ ਰੋਸ ਪ੍ਰਗਟ ਕਰਨ ਲਈ, ਦੁਕਾਨਾਂ ਨੂੰ ਜਿੰਦੇ ਲਾ ਕੇ ਕਾਂਗਰਸ ਦੇ ਹਲਕਾ ਇੰਚਾਰਜ ਕੇਵਲ ਸਿੰਘ ਢਿੱਲੋਂ ਅਤੇ ਪੰਜਾਬ ਸਰਕਾਰ ਦੇ ਖਿਲਾਫ ਜੰਮ ਕੇ ਨਾਅਰੇਬਾਜੀ ਕੀਤੀ। ਪ੍ਰਦਰਸ਼ਨਕਾਰੀਆਂ ਨੇ ਐਲਾਨ ਕੀਤਾ ਕਿ ਉਹ ਰੋਸ ਵਜੋਂ ਪ੍ਰਸ਼ਾਸ਼ਨ ਨੂੰ ਆਪਣੀਆਂ ਦੁਕਾਨਾਂ ਨੂੰ ਜਿੰਦੇ ਲਾ ਕੇ ਚਾਬੀਆਂ ਸੌਂਪ ਦਿੱਤੀਆਂ ਜਾਣਗੀਆਂ। ਇਸ ਮੌਕੇ ਗੱਲਬਾਤ ਕਰਦਿਆਂ ਦੁਕਾਨਦਾਰ ਪ੍ਰਸ਼ਾਤ ਗੋਇਲ ਕਾਕੂ ਨੇ ਦੱਸਿਆ ਕਿ ਜਗ੍ਹਾ ਜਗ੍ਹਾ ਤੋਂ ਟੁੱਟੀ ਸੜ੍ਹਕ ਨੂੰ ਬਣਾਉਣ ਲਈ ਲੰਬਾ ਅਰਸਾ ਲੰਘਾ ਦਿੱਤਾ ਹੈ, ਜਿਸ ਕਾਰਣ ਦੁਕਾਨਦਾਰਾਂ ਦਾ ਕੰਮ ਠੱਪ ਹੋਇਆ ਪਿਆ ਹੈ।

ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਤਰਕਸ਼ੀਲ ਚੌਂਕ ਵਾਲਾ ਰੋਡ ਤੇ ਫਿਰ ਦਾਣਾ ਮੰਡੀ ਵਾਲਾ ਰੋਡ ਬਣਨ ਸਮੇਂ ਕਾਰੋਬਾਰ ਠੱਪ ਰਿਹਾ। ਉਨਾਂ ਕਿਹਾ ਕਿ ਪ੍ਰਸ਼ਾਸ਼ਨ ਦੁਕਾਨਦਾਰਾਂ ਦੀਆਂ ਸਮੱਸਿਆਵਾਂ ਨੂੰ ਅੱਖੋ-ਪਰੋਖੇ ਕਰਕੇ, ਘੂਕ ਸੱਤਾ ਪਿਆ ਹੈ। ਉਨਾਂ ਕਿਹਾ ਕਿ ਬੱਸ ਸਟੈਂਡ ਰੋਡ ਦਾ ਅੱਧਾ ਹਿੱਸਾ ਨਗਰ ਕੌਂਸਲ ਅਤੇ ਅੱਧਾ ਹਿੱਸਾ ਨਗਰ ਸੁਧਾਰ ਟਰੱਸਟ ਦੇ ਹਿੱਸੇ ਆਉਂਦਾ ਹੈ। ਪ੍ਰਸ਼ਾਤ ਕਾਕੂ ਨੇ ਕਿਹਾ ਕਿ ਬੱਸ ਸਟੈਂਡ ਰੋਡ ਮਾਰਕਿਟ ਦੇ ਦੁਕਾਨਦਾਰ ਵਾਰ ਵਾਰ ਨਗਰ ਕੌਂਸਲ ਅਤੇ ਟਰਸਟ ਦੇ ਅਧਿਕਾਰੀਆਂ ਨੂੰ ਮਿਲ ਚੁੱਕੇ ਹਨ, ਪਰੰਤੂ ਸਾਰਿਆਂ ਨੇ ਟਾਲ ਮਟੋਲ ਤੋਂ ਸਿਵਾ ਸੜ੍ਹਕ ਦਾ ਕੰਮ ਤੇਜ਼ੀ ਨਾਲ ਨੇਪਰੇ ਨਹੀਂ ਚਾੜ੍ਹਿਆ ਜਾ ਰਿਹਾ।

ਇਸ ਮੌਕੇ ਦੁਕਾਨਦਾਰ ਤਰੁਣ ਗੋਇਲ, ਭੋਲਾ ਸਿੰਘ, ਪ੍ਰੇਮ ਕੁਮਾਰ, ਸੁਨੀਲ ਕੁਮਾਰ ਅਤੇ ਅਸ਼ੋਕ ਕੁਮਾਰ ਨੇ ਵੀ ਕਾਂਗਰਸ ਸਰਕਾਰ ਅਤੇ ਪ੍ਰਸ਼ਾਸ਼ਨ ਖਿਲਾਫ ਜੰਮ ਕੇ ਭੜਾਸ ਕੱਢੀ। ਨਗਰ ਕੌਂਸਲ ਦੇ ਅਧਿਕਾਰੀਆਂ ਨੇ ਪ੍ਰਦਰਸ਼ਨਕਾਰੀਆਂ ਨੂੰ ਕਿਹਾ, ਪਲੀਜ 10 ਦਿਨ ਦਾ ਸਮਾਂ ਹੋਰ ਦੇ ਦਿਉ,, ਲੋਕ ਰੋਹ ਨੂੰ ਭਾਂਪਦਿਆਂ ਨਗਰ ਕੌਂਸਲ ਦੇ ਏ.ਐਮ.ਈ. ਇੰਦਰਜੀਤ ਸਿੰਘ, ਜੇ.ਈ. ਨਿਖਲ ਕੁਮਾਰ ਅਤੇ ਸੜ੍ਹਕ ਨਿਰਮਾਣ ਕਰਨ ਵਾਲੇ ਠੇਕੇਦਾਰ ਬੰਟੀ ਆਦਿ ਨੇ ਕਿਹਾ ਕਿ ਪਲੀਜ 10 ਦਿਨ ਦਾ ਸਮਾਂ ਹੋਰ ਦੇ ਦਿਉ, ਅਸੀਂ ਸੜ੍ਹਕ ਤਿਆਰ ਕਰ ਦਿਆਂਗੇ। ਉਨਾਂ ਕਿਹਾ ਕਿ ਬਾਰਿਸ਼ਾਂ ਕਾਰਣ ਸੜਕ ਬਣਾਉਣ ਦੇ ਕੰਮ ਵਿੱਚ ਖੜੋਤ ਆਈ ਹੈ। ਜਲਦੀ ਹੀ, ਖੜੋਤ ਦੂਰ ਕਰਕੇ, ਸੜਕ ਦਾ ਨਿਰਮਾਣ ਕਰਵਾ ਦਿੱਤਾ ਜਾਵੇਗਾ। ਨਗਰ ਕੌਂਸਲ ਅਧਿਕਾਰੀ ਲੋਕਾਂ ਦੇ ਰੋਸ ਮੂਹਰੇ ਨੀਵੀਂ ਪਾ ਕੇ ਖੜ੍ਹੇ ਰਹੇ। ਪ੍ਰਦਰਸ਼ਨਕਾਰੀਆਂ ਨੇ ਨਗਰ ਕੌਂਸਲ ਅਧਿਕਾਰੀਆਂ ਦੇ ਭਰੋਸੇ ਤੋਂ ਬਾਅਦ ਪ੍ਰਦਰਸ਼ਨ 10 ਲਈ ਪੋਸਟਪੌਨ ਕਰ ਦਿੱਤਾ।ਨਗਰ ਕੌਂਸਲ ਦੇ ਮੀਤ ਪ੍ਰਧਾਨ ਨਰਿੰਦਰ ਗਰਗ ਨੀਟਾ ਨੇ ਸੜ੍ਹਕ ਬਣਾਉਣ ਦੇ ਕੰਮ ਵਿੱਚ ਹੋਈ ਦੇਰੀ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਕਾਂਗਰਸ ਦੇ ਹਲਕਾ ਇੰਚਾਰਜ ਅਤੇ ਸਾਬਕਾ ਵਿਧਾਇਕ ਕੇਵਲ ਸਿੰਘ ਢਿੱਲੋਂ ਨੇ ਸ਼ਹਿਰ ਦੀ ਐਂਟਰੀ ਪੁਆਇੰਟ ਤੌਰ ਤੇ ਜਾਣੀ ਜਾਂਦੀ ਬੱਸ ਸਟੈਂਡ ਰੋਡ ਦੇ ਏਰੀਏ ਵਿੱਚ ਪਹਿਲਾਂ ਲੱਖਾਂ ਰੁਪਏ ਦੀ ਲਾਗਤ ਨਾਲ ਪਾਣੀ ਦੀ ਨਿਕਾਸੀ ਲਈ ਸੀਵਰੇਜ ਪਵਾਇਆ। ਉਨਾਂ ਕਿਹਾ ਕਿ ਟੈਕਨੀਕਲ ਤੌਰ ਤੇ ਸੀਵਰੇਜ ਵਾਲੀ ਜਗ੍ਹਾ ਨੂੰ ਕੁੱਝ ਸਮਾਂ ਖਾਲੀ ਰੱਖਣਾ ਲਾਜਿਮੀ ਹੁੰਦਾ ਹੈ,ਤਾਂਕਿ ਸੜਕ ਬਣਨ ਤੋਂ ਬਾਅਦ ਸੜਕ ਦੱਬ ਜਾਣ ਦੀ ਕੋਈ ਪਰੇਸ਼ਾਨੀ ਨਾ ਹੋਵੇ। ਸ੍ਰੀ ਨਰਿੰਦਰ ਗਰਗ ਨੇ ਦੱਸਿਆ ਕਿ 2 ਵਾਰ ਲਗਾਤਾਰ ਸੜਕ ਨਿਰਮਾਣ ਲਈ ਟੈਂਡਰ ਮੰਗੇ ਗਏ, ਪਰੰਤੂ ਕਿਸੇ ਠੇਕੇਦਾਰ ਨੇ ਇਸ ਦਾ ਠੇਕਾ ਨਹੀਂ ਲਿਆ। ਹੁਣ ਕੁੱਝ ਸਮਾਂ ਪਹਿਲਾਂ ਯੂਨੀਕੋਨ ਬਿਲਡਰ ਨੂੰ ਇਸ ਕੰਮ ਦਾ ਠੇਕਾ ਅਲਾਟ ਕੀਤਾ ਗਿਆ ਹੈ, ਜਿੰਨਾਂ ਪਹਿਲਾਂ ਸੀਵਰੇਜ ਦੇ ਚੈਂਬਰ ਬਣਾਏ ਹਨ। ਉਨਾਂ ਕਿਹਾ ਕਿ ਕੇਵਲ ਸਿੰਘ ਢਿੱਲੋਂ ਦਾ ਸਪੱਸ਼ਟ ਤੇ ਸਖਤ ਹੁਕਮ ਦਿੱਤਾ ਹੋਇਆ ਹੈ ਕਿ ਚੰਗੀ ਕਵਾਲਿਟੀ ਦਾ ਕੰਮ ਨਿਸਚਿਤ ਸਮੇਂ ਦੇ ਦੌਰਾਨ ਮੁਕੰਮਲ ਕੀਤਾ ਜਾਵੇ।

# ਹਾਈ ਕੋਰਟ ਜਾਣ ਲਈ ਕਿਓਂ ਕਿਹਾ ਇਸ ਇਮਾਰਤ ਦੇ ਮਾਲਿਕ ਨੇ





■ ਬਾਘਾ ਪੁਰਾਣਾ ਵਿੱਚ ਬਣ ਰਹੀ ਇੱਕ ਇਮਾਰਤ ਤੇ ਚੱਲਿਆ ਪੀਲਾ ਪੰਜ

**ਬਾਘਾ ਪੁਰਾਣਾ/ਰਿੱਕੀ ਆਨੰਦ**

ਅੱਜ ਬਾਘਾ ਪੁਰਾਣਾ ਸ਼ਹਿਰ ਵਿੱਚ ਉਸ ਸਮੇਂ ਸਾਰੇ ਸ਼ਹਿਰ ਵਿੱਚ ਹਲਚਲ ਹੋਣ ਲੱਗ ਪਈ ਜਦੋਂ ਮੋਗਾ ਰੋਡ ਉੱਪਰ ਬਣ ਰਹੀ ਇੱਕ ਇਮਾਰਤ ਤੇ ਸਰਕਾਰੀ ਪੀਲਾ ਪੰਜਾ ਚਲਾ ਦਿੱਤਾ ਗਿਆ। ਮਿਲੀ ਜਾਣਕਾਰੀ ਮੁਤਾਬਕ ਇਹ ਇਮਾਰਤ ਦੀ ਉਸਾਰੀ ਕਾਨੂੰਨ ਦੇ ਦਾਇਰੇ ਤੋਂ ਬਾਹਰ ਹੋਕੇ ਕੀਤੀ ਜਾ ਰਹੀ ਸੀ। ਕਾਨੂੰਨ ਮੁਤਾਬਿਕ ਇਹ ਬਿਲਡਿੰਗ 33 ਫੁੱਟ ਜਗ੍ਹਾ ਛੱਡ ਕੇ ਬਣਾਈ ਜਾਣੀ ਸੀ। ਜਦੋ ਕਿ ਇਸ ਦੀ ਉਸਾਰੀ ਨਾਜਾਇਜ ਢੰਗ ਨਾਲ ਕੀਤੀ ਜਾ ਰਹੀ ਸੀ। ਇਹ ਬਿਲਡਿੰਗ ਪਿਛਲੇ 2 ਮਹੀਨੇ ਤੋਂ ਉਸਾਰੀ ਅਧੀਨ ਹੈ । ਇਸ ਦੀ ਇੱਕ ਮੰਜਿਲ ਦੀ ਛੱਤ ਦਾ ਲੈਂਟਰ ਵੀ ਪਾਇਆ ਜਾ ਚੁੱਕਾ ਸੀ ਅਤੇ ਦੂਸਰੀ ਮੰਜਿਲ ਛੱਤ ਦਾ ਲੈਂਟਰ ਪਾਉਣ ਦੀ ਤਿਆਰੀ ਕੀਤੀ ਜਾ ਰਹੀ ਸੀ । ਨਗਰ ਕਾਉਂਸਿਲ ਦੀ ਢਿੱਲੀ ਕਾਰਵਾਈ ਦੇ ਚਲਦੇ ਇਸ ਬਿਲਡਿੰਗ ਦੀ ਉਸਾਰੀ ਚਲਦੀ ਰਹੀ । ਜਦੋਂ ਇਸ ਬਾਰੇ ਨਗਰ ਕਾਉਂਸਿਲ ਦੇ ਈ.ਓ.ਸੰਜੇ ਬਾਂਸਲ ਨੂੰ ਇਸ ਉਸਾਰੀ ਅਧੀਨ ਇਮਾਰਤ ਨੂੰ ਢਾਉਂਣ ਦੇ ਬਾਰੇ ਸਵਾਲ ਕੀਤਾ ਗਿਆ ਤਾਂ ਈ. ਓ. ਸਾਹਿਬ ਜਵਾਬ ਦੇਣ ਤੋਂ ਕੰਨੀ ਕਤਰਾਉਂਦੇ ਰਹੇ ਅਤੇ ਕੋਈ ਵੀ ਠੋਸ ਜਵਾਬ ਨਾ ਦੇ ਸਕੇ । ਸ਼ਾਇਦ ਦਾਲ ਵਿੱਚ ਕੁਝ ਕਾਲਾ ਸੀ ਜਾਂ ਫਿਰ ਪੂਰੀ ਦਾਲ ਹੀ ਕਾਲੀ । ਪਰ ਸੱਚ ਇਹ ਹੈ ਕਿ ਜਦੋ ਡਿਪਟੀ ਕਮਿਸ਼ਨਰ ਮੋਗਾ ਸੰਦੀਪ ਹੰਸ ਸਖ਼ਤੀ ਨਾਲ ਨੇ ਇਸ ਮੁੱਦੇ ਤੇ ਕਾਰਵਾਈ ਕਰਨ ਦੇ ਆਦੇਸ਼ ਤਾਂ ਹੀ ਇਹ ਜੇ ਸੀ ਬੀ ਚੱਲ ਸਕੀ । ਜਦੋ ਇਸ ਬਾਬਤ ਬਿਲਡਿੰਗ ਦੇ ਮਾਲਿਕ ਗੋਪਾਲ ਕ੍ਰਿਸ਼ਨ ਨਾਲ ਗੱਲ ਕੀਤੀ ਗਈ ਤਾਂ ਉਸਦਾ ਕਹਿਣਾ ਸੀ ਕਿ ਸਾਰਾ ਬਾਜ਼ਾਰ ਹੀ ਨਜਾਇਜ ਢੰਗ ਨਾਲ ਬਣਿਆ ਹੈ ਸਾਡੇ ਨਾਲ ਹੀ ਕਿਓਂ ਪ੍ਰਸ਼ਾਸਨ ਵੱਲੋ ਕਿਉਂ ਧੱਕਾ ਕੀਤਾ ਜਾ ਰਿਹਾ । ਉਹਨਾਂ ਨੇ ਨਗਰ ਕੌਂਸਲ ਦੇ ਮੁਲਾਜ਼ਮ ਤੇ ਰਿਸ਼ਵਤ ਮੰਗਣ ਦੇ ਇਲਜਾਮ ਵੀ ਲਗਾਏ ਤੇ ਕਿਹਾ ਕਿ ਮੇਰੇ ਹੋਏ ਨੁਕਸਾਨ ਲਈ ਮੈ ਹਾਈ ਕੋਰਟ ਤੱਕ ਜਾਵਾਂਗਾ। ਹੁਣ ਸਵਾਲ ਇਹ ਹੈ ਕਿ ਨਗਰ ਕਾਉਂਸਿਲ ਕਿਉਂ ਨਹੀਂ ਸਮਾਂ ਰਹਿੰਦੇ ਇਹ ਉਸਾਰੀ ਰੋਕੀ ਗਈ । ਜੇ ਇਹ ਕਾਨੂੰਨਨ ਤਰੀਕੇ ਨਾਲ ਹੁੰਦਾ ਤਾਂ ਨਾ ਪ੍ਰਸ਼ਾਸ਼ਨ ਨੂੰ ਇਹ ਕਦਮ ਚੁੱਕਣਾ ਪੈਂਦਾ ਅਤੇ ਨਾ ਹੀ ਇਸ ਉਸਾਰੀ ਅਧੀਨ ਇਮਾਰਤ ਦੇ ਮਾਲਿਕ ਦਾ ਕੋਈ ਨੁਕਸਾਨ ਹੁੰਦਾ । ਸਮਾਂ ਰਹਿੰਦੇ ਇਹ ਸਭ ਹੋਣ ਤੋਂ ਰੋਕਿਆ ਜਾ ਸਕਦਾ ਸੀ ।

# ਕਮਿਸ਼ਨਰ ਪੁਲਿਸ ਸ. ਨੌਨਿਹਾਲ ਸਿੰਘ ਅਤੇ ਗੁਰਪ੍ਰੀਤ ਸਿੰਘ ਭੁੱਲਰ ਦਾ ਅਹੁਦਾ ਸੰਭਾਲਣ ਤੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ

**ਲੁਧਿਆਣਾ/ਸੁਖਚੈਨ ਮਹਿਰਾ**

ਪੰਜਾਬ ਪੁਲਿਸ ਵੈਲਫੇਅਰ ਐਸੋਸੀਏਸ਼ਨ ਵੱਲੋਂ ਸ. ਨੌਨਿਹਾਲ ਸਿੰਘ , ਕਮਿਸ਼ਨਰ ਪੁਲਿਸ ਲੁਧਿਆਣਾ ਅਤੇ ਸ. ਗੁਰਪ੍ਰੀਤ ਸਿੰਘ ਭੁੱਲਰ , ਲੁਧਿਆਣਾ ਰੇਂਜ਼ ਨੂੰ ਅਹੁਦਾ ਸੰਭਾਲਣ 'ਤੇ ਜੀ ਆਇਆ ਕਿਹਾ ਅਤੇ ਸਵਾਗਤ ਕੀਤਾ ਗਿਆ। ਇਸ ਸਮੇਂ ਪੰਜਾਬ ਪੁਲਿਸ ਵੈਲਫੇਅਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਕਿਹਾ ਕਿ ਲੁਧਿਆਣਾ ਵਿਚ ਅਮਨ ਅਤੇ ਸ਼ਾਂਤੀ ਦਾ ਮਾਹੌਲ ਬਣਿਆ ਰਹੇਗਾ ਅਤੇ ਕਾਨੂੰਨੀ ਵਿਰੋਧੀ ਅਨਸਰਾਂ ਨੂੰ ਨੱਥ ਪਾਈ ਜਾਵੇਗੀ। ਉਹਨਾਂ ਹੋਰ ਕਿਹਾ ਕਿ ਰਿਟਾਇਡ ਪੁਲਿਸ ਕਰਮੀ ਹਰ ਹਾਲਤ ਵਿੱਚ ਆਪ ਨਾਲ ਮੋਢੇ ਨਾਲ ਮੋਢਾ ਜੋੜ ਕੇ ਕਾਰਜ ਕਰਨ ਲਈ ਤਿਆਰ ਹਨ। ਇਸ ਸਮੇਂ ਇੰਸਪੈਕਟਰ ਮੇਜਰ ਸਿੰਘ ਪ੍ਰਧਾਨ, ਐਸ. ਐਸ. ਸੰਧੂ ਕਮਾਂਡਰ ਰਿਟਾਇਡ, ਗੁਰਜੀਤ ਸਿੰਘ ਰੋਮਾਣਾ ਐਸ ਪੀ ਰਿਟਾਇਡ, ਇੰਸਪੈਕਟਰ ਸੁਖਵੀਰ ਸਿੰਘ ਵਾਈਸ ਪ੍ਰਧਾਨ, ਇੰਸਪੈਕਟਰ ਅਮਰਜੀਤ ਸਿੰਘ ਵਾਈਸ ਪ੍ਰਧਾਨ ਹਾਜ਼ਰ ਸਨ।



ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ/ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016/2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) / Contect No. : 0181-2211009, Fax : 2211009 / Email Id : lokbani08@gmail.com / Webside : lokbani.com

# ਡਿਪਟੀ ਕਮਿਸ਼ਨਰ ਵੱਲੋਂ ਘਰੇਲੂ ਬਗੀਚੀ ਲਈ ਸਰਦ ਰੁੱਤ ਦੀਆਂ ਸਬਜੀ ਬੀਜਾਂ ਦੀਆਂ ਕਿੱਟਾਂ ਦਾ ਆਗਾਜ਼

**ਲੁਧਿਆਣਾ/ਸੁਖਚੈਨ ਮਹਿਰਾ, ਕਰਨ ਅੱਗਰਵਾਲ**

ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਵੱਲੋਂ ਅੱਜ ਘਰੇਲੂ ਬਗੀਚੀ ਲਈ ਬੀਜਾਂ ਦੀਆਂ ਕਿੱਟਾਂ ਜਿਲ੍ਹੇ ਦੇ ਵੱਖ-ਵੱਖ ਬਲਾਕਾਂ ਰਾਹੀਂ ਖਪਤਕਾਰਾਂ ਤੱਕ ਪਹੁੰਚਾਉਣ ਦਾ ਆਗਾਜ਼ ਕੀਤਾ ਗਿਆ। ਡਿਪਟੀ ਡਾਇਰੈਕਟਰ ਬਾਗਬਾਨੀ ਲੁਧਿਆਣਾ ਡਾ: ਜਗਦੇਵ ਸਿੰਘ ਦੇ ਨਾਲ ਉਨ੍ਹਾਂ ਕਿਹਾ ਕਿ ਜਿੱਥੇ ਇਨ੍ਹਾਂ ਕਿੱਟਾਂ ਰਾਹੀਂ ਘਰੇਲੂ ਸਬਜੀ ਦੀ ਖਪਤ ਪੂਰੀ ਹੋਵੇਗੀ ਉੱਥੇ ਹੀ ਬਿਨਾਂ ਜਹਿਰਾਂ ਤੇ ਸਪਰੇਆਂ ਤੋਂ ਸਬਜੀਆਂ ਪੈਦਾ ਕੀਤੀਆਂ ਜਾ ਸਕਦੀਆਂ ਹਨ। ਜ਼ਿਕਰਯੋਗ ਹੈ ਕਿ ਬਾਗਬਾਨੀ ਵਿਭਾਗ ਪੰਜਾਬ ਵੱਲੋਂ ਖਪਤਕਾਰਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਘਰੇਲੂ ਬਗੀਚੀ ਲਈ ਵੱਖ-ਵੱਖ ਤਰ੍ਹਾਂ ਦੇ ਸਰਦ ਰੁੱਤ ਦੇ ਸਬਜੀ ਬੀਜਾਂ ਦੀਆਂ ਕਿੱਟਾਂ ਜਿਸ ਵਿੱਚ ਮੂਲੀ, ਗਾਜਰ, ਸ਼ਲਗਮ, ਮਟਰ, ਪਾਲਕ, ਮੇਥੀ, ਧਨੀਆ ਅਤੇ ਬਰੌਕਲੀ ਆਦਿ ਦੇ ਬੀਜ ਸ਼ਾਮਿਲ ਹਨ, ਤਿਆਰ ਕਰਕੇ ਵੰਡੀਆਂ ਜਾਣੀਆਂ ਹਨ। ਇਹ ਸਬਜੀ ਬੀਜਾਂ ਦੀਆਂ ਕਿੱਟਾਂ ਲਗਭੱਗ 5 ਮਰਲੇ ਲਈ ਕਾਫੀ ਹੈ ਜਿਸ ਨਾਲ ਪਰਿਵਾਰ ਦੇ 6 ਮਹੀਨਿਆਂ ਦੀ ਸਬਜੀ ਦੀ ਲੋੜ ਨੂੰ ਪੂਰਾ ਕੀਤਾ ਜਾ ਸਕਦਾ ਹੈ। ਇਸ ਸਬਜ਼ੀ ਬੀਜ ਦੀ ਕਿੱਟ ਦਾ ਸਰਕਾਰੀ ਰੇਟ 90 ਰੁਪਏ ਪ੍ਰਤੀ ਕਿੱਟ ਰੱਖਿਆ ਗਿਆ ਹੈ। ਡਿਪਟੀ ਡਾਇਰੈਕਟਰ ਬਾਗਬਾਨੀ ਡਾ: ਜਗਦੇਵ ਸਿੰਘ ਵੱਲੋਂ ਦੱਸਿਆ ਗਿਆ ਕਿ ਜਿਲ੍ਹਾ ਲੁਧਿਆਣਾ ਦੇ ਸਮੂਹ ਬਲਾਕਾਂ ਵਿੱਚ ਇਹ ਕਿੱਟਾਂ ਭੇਜੀਆਂ ਜਾਣਗੀਆਂ ਹਨ। ਲੋੜਵੰਦ ਬਾਗਬਾਨੀ ਵਿਭਾਗ ਨਾਲ ਸੰਪਰਕ ਕਰਕੇ ਇਹ ਕਿੱਟਾਂ ਬਹੁਤ ਅਸਾਨੀ ਨਾਲ ਪ੍ਰਾਪਤ ਕਰ ਸਕਦੇ ਹਨ। ਇਸ ਮੌਕੇ ਸਹਾਇਕ ਡਾਇਰੈਕਟਰ ਬਾਗਬਾਨੀ, ਡਾ: ਬਲਕਾਰ ਸਿੰਘ, ਬਾਗਬਾਨੀ ਵਿਕਾਸ ਅਫਸਰ, ਸ੍ਰੀਮਤੀ ਸਲਵੀਨ ਕੌਰ, ਬਾਗਬਾਨੀ ਵਿਕਾਸ ਅਫਸਰ ਸ੍ਰੀਮਤੀ ਜਸਪ੍ਰੀਤ ਕੌਰ ਸਿੱਧੂ ਹਾਜਰ ਸਨ।

**ਬੀਜ ਦੀ ਕਿੱਟ ਦਾ ਸਰਕਾਰੀ ਰੇਟ 90 ਰੁਪਏ ਪ੍ਰਤੀ ਕਿੱਟ ਨਿਰਧਾਰਿਤ**



# ਜੋਗਿੰਦਰ ਸਿੰਘ ਪੰਛੀ ਦਾ ਸੂਬਾ ਸਕੱਤਰ ਬਣਨ ਤੇ ਸਨਮਾਨ



**ਪਟਿਆਲਾ/ਜਗਦੀਸ ਰਾਈਕਾ**

ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਗੁਲਜਾਰ ਸਿੰਘ ਰਣੀਕੇ ਨੇ ਜੋਗਿੰਦਰ ਸਿੰਘ ਪੰਛੀ ਦੀ ਲੰਮਾਂ ਸਮਾਂ ਸ੍ਰੋਮਣੀ ਅਕਾਲੀ ਦਲਿਤਾਂ ਪ੍ਰਤੀ ਸੇਵਾਵਾਂ ਨੂੰ ਮੱਦੇਨਜਰ ਰੱਖਦੇ ਹੋਏ ਸ੍ਰੋਮਣੀ ਅਕਾਲੀ ਦਲ ਐਸੀ ਵਿੰਗ ਪੰਜਾਬ ਦਾ ਸਕੱਤਰ ਲਾਏ ਜਾਣ ਤੇ ਸੁਰਜੀਤ ਸਿੰਘ ਅਬਲੋਵਾਲ ਸਾਬਕਾ ਚੇਅਰਮੈਨ ਅਤੇ ਜਸਪਾਲ ਸਿੰਘ ਕਲਿਆਣ ਸਾਬਕਾ ਸਾਬਕਾ ਚੇਅਰਮੈਨ ਜਿਲਾ ਪ੍ਰੀਸਦ ਪ੍ਰਧਾਂਨ ਜਿਲਾ ਪਟਿਆਲਾ ਨੇ ਸ੍ਰੀ ਪੰਛੀ ਦਾ ਸਨਮਾਨ ਕੀਤਾ ਗਿਆ ਉਨਾਂ ਬੋਲਦਿਆ ਕਿਹਾ ਕਾਂਗਰਸ ਦੇ ਝੂਠੇ ਲਾਰਿਆਂ ਤੋ ਲੋਕ ਤੰਗ ਆ ਚੁਕੇ ਹਨ ਹੁਣ ਸ੍ਰੋਮਣੀ ਅਕਾਲੀ ਦੀ ਸਰਕਾਰ ਲਿਆਉਣ ਲਈ ਦਲਿਤ ਵਰਗ ਦਾ ਬਹੁਤ ਵੱਡਾ ਯੋਗਦਾਨ ਹੋਵੇਗਾ ਹੋਰਨਾ ਤੋ ਇਲਾਵਾ ਜਸਪਾਲ ਸਿੰਘ ਨੁਰਖੇੜੀਆਂ ਨਸੀਬ ਸਿੰਘ ਫਰੀਦ ਪੁਰ ਹਰਪਾਲ ਸਿੰਘ ਸਹੋਤਾ ਉਮ ਪ੍ਰਕਾਸ ਪਰਮਜੀਤ ਸਿੰ ਘ ਸੰਧੂ ਰਾਮ ਸਿੰਘ ਬਹਾਦਰਗੜ ਬਲਵਿਦਰ ਸਿੰਘ ਨੈਣਾਂ ਕੌਤ ਲਖਵੀਰ ਸਿੰਘ ਕਰਨਪੁਰ ਹਰਮਨਜੀਤ ਸਿੰਘ ਜੋਗੀਪੁਰ ਅਤੇ ਹੋਰ ਸਾਮਲ ਸਨ।

## ਜਿਲਾ ਸੈਸਨ ਜੱਜ ਨੇ ਕੀਤਾ ਅਨੰਤ ਅਨਾਥ ਆਸਰਮ ਦਾ ਦੋਰਾ

**ਬਠਿੰਡਾ/ਅਨਿਲ ਜੈਨ**



ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਕਮਲਜੀਤ ਲਾਂਬਾ ਵੱਲੋਂ ਸ੍ਰੀ ਚਿਲਡਰਨ ਹੋਮ ਜੁਝਾਰ ਸਿੰਘ ਨਗਰ ਬਠਿੰਡਾ ਅਤੇ ਅੰਨਤ ਅਨਾਥ ਆਸ਼ਰਮ ਨਥਾਣਾ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਹਨਾਂ ਨੇ ਆਸ਼ਰਮ 'ਚ ਰਹਿ ਰਹੇ ਬੱਚਿਆਂ ਦਾ ਹਾਲ-ਚਾਲ ਪੁੱਛਿਆ ਅਤੇ ਬੱਚਿਆਂ ਦੇ ਰਹਿਣ-ਸਹਿਣ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਸੈਸਨ ਜੱਜ-ਕਮ ਚੇਅਰਮੈਨ ਜਲ੍ਹਿਾ ਕਾਨੂੰਨੀ ਸੇਵਾਵਾਂ ਅਥਾਰਟੀ ਕਮਲਜੀਤ ਲਾਂਬਾ ਨੇ ਬੱਚਿਆਂ ਨੂੰ ਉਹਨਾਂ ਦੇ ਮੂਲ ਅਧਿਕਾਰਾਂ ਅਤੇ ਕਰਤੱਵਾਂ ਸਬੰਧੀ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਉਹਨਾਂ ਨੇ ਅਨੰਤ ਅਨਾਥ ਆਸ਼ਰਮ, ਨਥਾਣਾ ਅਤੇ ਚਿਲਡਰਨ ਹੋਮ ਜੁਝਾਰ ਸਿੰਘ ਨਗਰ ਦੇ ਸਟਾਫ ਨੂੰ ਬੱਚਿਆਂ ਦੀ ਪੜਾਈ ਅਤੇ ਸਿਹਤ ਦਾ ਵਿਸੇਸ਼ ਖਿਆਲ ਰੱਖਣ ਦੀਆਂ ਹਦਾਇਤਾਂ ਜਾਰੀ ਕੀਤੀਆਂ। ਇਸ ਮੌਕੇ ਅਸ਼ੋਕ ਕੁਮਾਰ ਚੌਹਾਨ, ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਠਿੰਡਾ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

# ਬ੍ਰਾਹਮਣ ਕਲਿਆਣ ਬੋਰਡ ਪੰਜਾਬ ਨੂੰ ਵੀ ਜਲਦੀ ਤੋਂ ਜਲਦੀ ਫੰਡ ਜਾਰੀ ਕੀਤਾ ਜਾਵੇ : ਪ੍ਰਦੀਪ ਮੈਨਨ

**ਸੁਨਾਮ/ਗੁਰਵਿੰਦਰ ਗੰਢੂਆਂ**

ਨਵ-ਨਿਯੁਕਤ ਪੰਜਾਬ ਇੰਚਾਰਜ ਬ੍ਰਾਹਮਣ ਸਭਾ ਪੰਜਾਬ ਅਤੇ ਰਾਸਟਰੀ ਵਾਈਸ ਪ੍ਰੈਜ਼ੀਡੈਂਟ ਆਲ ਇੰਡੀਆ ਬ੍ਰਾਹਮਣ ਫੈਡਰੇਸ਼ਨ ਯੂਥ ਪ੍ਰਦੀਪ ਮੈਨਨ ਨੇ ਪ੍ਰੈੱਸ ਰਾਹੀਂ ਕਰਨਾਟਕਾ ਸਰਕਾਰ ਦੇ ਮੁੱਖ ਮੰਤਰੀ ਸ੍ਰੀ ਐੱਸ ਆਰ ਬੋਮਮਾਈਯ ਦਾ ਧੰਨਵਾਦ ਕੀਤਾ। ਕਿਉਂਕਿ ਉਨ੍ਹਾਂ ਨੇ 16 ਕਰੋੜ ਰੁਪਏ ਦਾ ਫੰਡ ਜਾਰੀ ਕਰਕੇ ਬ੍ਰਾਹਮਣ ਕਲਿਆਣ ਬੋਰਡ ਕਰਨਾਟਕਾ ਨੂੰ ਬ੍ਰਾਹਮਣਾਂ ਦੇ 9200 ਬੱਚਿਆਂ ਨੂੰ ਸਕਾਲਰਸ਼ਿਪ ਦਿੱਤੀ। ਇਸ ਮੌਕੇ ਉਨ੍ਹਾਂ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਬੇਨਤੀ ਕੀਤੀ ਕਿ ਨਵੇਂ ਬਣਾਏ ਗਏ ਬ੍ਰਾਹਮਣ ਕਲਿਆਣ ਬੋਰਡ ਪੰਜਾਬ ਨੂੰ ਵੀ ਜਲਦੀ ਤੋਂ ਜਲਦੀ ਫੰਡ ਜਾਰੀ ਕਰਨ। ਤਾਂ ਕਿ ਪੰਜਾਬ ਦੇ ਬ੍ਰਾਹਮਣ ਭਾਈਚਾਰਾ ਵੀ ਪੰਜਾਬ ਕਲਿਆਣ ਬੋਰਡ ਪੰਜਾਬ ਦਾ ਮਹੱਤਵ ਪਤਾ ਲੱਗ ਸਕੇ। ਮੈਨਨ ਨੇ ਕਿਹਾ ਕਿ ਪਿਛਲੇ ਸਮੇਂ ਵਿੱਚ ਕਰਨਾਟਕਾ ਸਰਕਾਰ ਨੇ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਬ੍ਰਾਹਮਣਾਂ ਲਈ ਰੁਜਗਾਰ ਦੇਣ ਦਾ ਸਿਸਟਮ ਚਲਾਇਆ ਸੀ। ਉਦਾਹਰਣ ਵਜੋਂ ਟੈਕਸੀ ਦੇ ਤੌਰ ਤੇ ਕਾਰ ਲੈਣ ਲਈ ਬਿਨਾਂ ਵਿਆਜ ਤੋਂ ਪੈਸਾ ਮੁਹੱਈਆ ਕਰਵਾਏ ਅਤੇ ਨੌਜਵਾਨਾਂ ਲਈ ਛੋਟੇ ਪੱਧਰ ਤੇ ਕੰਮ ਲਈ ਨੌਜਵਾਨਾਂ ਨੂੰ ਬਿਨਾਂ ਵਿਆਜ ਤੋਂ ਫੰਡ ਜਾਰੀ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਧੰਨਵਾਦ ਕਰਦੇ ਹਾਂ ਕਿ ਉਨ੍ਹਾਂ ਨੇ ਬ੍ਰਾਹਮਣ ਕਲਿਆਣ ਬੋਰਡ ਬਣਾਇਆ। ਇਸ ਦੇ ਨਾਲ ਹੀ ਬੇਨਤੀ ਵੀ ਕਰਦੇ ਹਾਂ ਕਿ ਉਨ੍ਹਾਂ ਨੂੰ ਫੰਡ ਜਾਰੀ ਕੀਤਾ ਜਾਵੇ। ਜਿਸ ਨਾਲ ਪੰਜਾਬ ਦੇ ਬ੍ਰਾਹਮਣ ਭਾਈਚਾਰੇ ਨੂੰ ਲਾਭ ਮਿਲ ਸਕੇ। ਇਸ ਮੌਕੇ ਉਨ੍ਹਾਂ ਕਿਹਾ ਮੰਦਿਰਾਂ ਵਿੱਚ ਪੁਜਾਰੀ ਵਰਗ ਤੇ ਵੀ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ। ਕਿਉਂਕਿ ਉਨ੍ਹਾਂ ਨੂੰ ਢੁੱਕਵੀਂ ਤਨਖ਼ਾਹ ਨਹੀਂ ਮਿਲਦੀ। ਉਨ੍ਹਾਂ ਨੂੰ ਢੁੱਕਵੀਂ ਤਨਖ਼ਾਹ ਦਿੱਤੀ ਜਾਵੇ। ਜਿਸ ਨਾਲ ਉਹ ਆਪਣੇ ਪਰਿਵਾਰ ਦਾ ਪਾਲਣ- ਪੋਸ਼ਣ ਸਹੀ ਢੰਗ ਨਾਲ ਕਰ ਸਕਣ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਦੇ ਬੱਚਿਆਂ ਨੂੰ ਮੁਫਤ ਐਜੂਕੇਸ਼ਨ ਰਾਖਵੀਂ ਸੀਟ ਦਿੱਤੀ ਜਾਵੇ। ਇਸ ਸਮੇਂ ਸੁਨਾਮ ਪ੍ਰਧਾਨ ਭਗਵਾਨ ਸ਼ਰਮਾ, ਨੰਦ ਲਾਲ ਸ਼ਰਮਾ, ਬ੍ਰਿਜ ਲਾਲ ਸ਼ਰਮਾ, ਰਕੇਸ਼ ਸ਼ਰਮਾ, ਸੰਦੀਪ ਸ਼ਰਮਾ, ਹਰਪਾਲ ਸਿੰਘ ਜੋਸ਼ੀ, ਵਿੱਕੀ, ਰਿਟਾਇਰ ਐਸਡੀਓ ਮਾਂਗੇ ਰਾਮ, ਭੀਮ ਸ਼ਰਮਾ, ਸੰਜੀਵ ਸ਼ਰਮਾ, ਰਜਿੰਦਰ ਸ਼ਰਮਾ, ਮੋਹਨ ਲਾਲ ਸ਼ਰਮਾ, ਐਡਵੋਕੇਟ ਪਰਮਿੰਦਰ ਸ਼ਰਮਾ ਆਦਿ ਹਾਜ਼ਰ ਸਨ।



# ਕੌਂਸਲਰ ਰਣਜੀਤ ਸਿੰਘ ਕੁੱਕਾ ਨੇ ਕੀਤਾ ਬਾਬਾ ਸਾਹਿਬ ਡਾ.ਅੰਬੇਦਕਰ ਜੀ ਦੇ ਬੁੱਤ ਦਾ ਉਦਘਾਟਨ



**ਸੁਨਾਮ/ਗੁਰਵਿੰਦਰ ਗੰਢੂਆਂ**

ਸਥਾਨਕ ਪੱਤੀ ਸੁਨਾਮੀ ਦੇ ਡਾ.ਬੀ.ਆਰ ਅੰਬੇਦਕਰ ਭਵਨ ਦੇ ਮੁੱਖ ਗੇਟ ਤੇ ਸਥਾਪਤ ਕੀਤੇ ਭਾਰਤ ਰਤਨ ਡਾ. ਭੀਮ ਰਾਓ ਅੰਬੇਦਕਰ ਜੀ ਦੇ ਬੁੱਤ ਦਾ ਉਦਘਾਟਨ ਅੱਜ ਇਲਾਕੇ ਦੇ ਉੱਘੇ ਸਮਾਜ ਸੇਵਕ ਅਤੇ ਨੌਜਵਾਨ ਕੌਂਸਲਰ ਰਣਜੀਤ ਸਿੰਘ ਕੁੱਕਾ ਨੇ ਕੀਤਾ। ਜ਼ਿਕਰਯੋਗ ਹੈ ਕਿ ਇਸ ਬੁੱਤ ਨੂੰ ਸਥਾਪਤ ਕਰਨ ਲਈ ਹੋਇਆ ਸਾਰਾ ਖਰਚਾ ਵੀ ਕੌਂਸਲਰ ਰਣਜੀਤ ਸਿੰਘ ਨੇ ਆਪਣੀ ਨੇਕ ਕਮਾਈ ਵਿੱਚੋਂ ਹੀ ਕੀਤਾ ਹੈ । ਇਸ ਮੌਕੇ ਆਪਣੇ ਭਾਸ਼ਣ ਦੌਰਾਨ ਕੌਂਸਲਰ ਰਣਜੀਤ ਸਿੰਘ ਨੇ ਕਿਹਾ ਕਿ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਨੇ ਦੇਸ਼ ਦੇ ਸੰਵਿਧਾਨ ਦੀ ਰਚਨਾ ਕਰਕੇ ਸਭ ਨੂੰ ਬਰਾਬਰ ਦੇ ਹੱਕ ਪ੍ਰਦਾਨ ਕੀਤੇ, ਉਨ੍ਹਾਂ ਵੱਲੋਂ ਬਣਾਏ ਗਏ ਸੰਵਿਧਾਨ ਅਨੁਸਾਰ ਹੀ ਅੱਜ ਸਾਰੇ ਦੇਸ਼ ਦੀ ਕਾਰਜ ਵਿਵਸਥਾ ਚੱਲ ਰਹੀ ਹੈ ਅਤੇ ਅਜਿਹੇ ਮਹਾਂਪੁਰਸ਼ਾਂ ਦੀਆਂ ਯਾਦਗਾਰਾਂ ਅਤੇ ਬੁੱਤ ਸਥਾਪਤ ਕਰਨੇ ਸਾਡੀ ਮੌਲਿਕ ਜੰਮਿੇਵਾਰੀ ਹੈ। ਇਸ ਮੌਕੇ ਡਾ.ਬੀ.ਆਰ ਅੰਬੇਦਕਰ ਭਵਨ ਕਮੇਟੀ ਦੇ ਪ੍ਰਧਾਨ ਗੁਲਜ਼ਾਰ ਸਿੰਘ ਨੇ ਬਾਬਾ ਸਾਹਿਬ ਦੇ ਬੁੱਤ ਦੀ ਸੇਵਾ ਪ੍ਰਾਪਤ ਕਰਨ ਲਈ ਕੌਂਸਲਰ ਰਣਜੀਤ ਸਿੰਘ ਕੂਕਾ ਦਾ ਧੰਨਵਾਦ ਕੀਤਾ । ਇਸ ਸਮੇਂ ਨਗਰ ਕੌਂਸਲ ਲੌਂਗੋਵਾਲ ਦੇ ਮੀਤ ਪ੍ਰਧਾਨ ਬੀਬੀ ਨਸੀਬ ਕੌਰ ਚੋਟੀਆਂ, ਕਾਂਗਰਸ ਦੇ ਸੀਨੀਅਰ ਆਗੂ ਗੁਰਮੇਲ ਸਿੰਘ ਚੋਟੀਆ, ਕੌਂਸਲਰ ਬਲਵਿੰਦਰ ਸਿੰਘ ਕਾਲਾ, ਕੌਂਸਲਰ ਸ੍ਰੀਮਤੀ ਬਲਜਿੰਦਰ ਕੌਰ, ਉਘੇ ਸਮਾਜ ਸੇਵਕ ਸਿਸ਼ਨਪਾਲ ਗਰਗ, ਸਾਬਕਾ ਕੌਂਸਲਰ ਬੇਅੰਤ ਸਿੰਘ, ਡਾ. ਬੀ.ਆਰ ਭਵਨ ਕਮੇਟੀ ਦੇ ਮੈਂਬਰ ਮਾਲਵਿੰਦਰ ਸਿੰਘ ਸੀਟੂ, ਪ੍ਰਿਥੀ ਸਿੰਘ ,ਦਲਵਾਰਾ ਸਿੰਘ, ਚਮਕੌਰ ਸਿੰਘ, ਸੀਸਾ ਸਿੰਘ, ਚੰਦੂ ਸਿੰਘ, ਪ੍ਰੇਮ ਸਿੰਘ, ਸੁੱਖ ਸਿੰਘ, ਗੁਰਜੰਟ ਸਿੰਘ, ਮਲੂਕਾ ਸਿੰਘ, ਘੋਣੀ ਸਿੰਘ, ਕੇਸਰ ਸਿੰਘ, ਪਿਆਰਾ ਸਿੰਘ, ਸਤਪਾਲ ਸਿੰਘ, ਸੁਦਾਗਰ ਸਿੰਘ, ਅੰਮ੍ਰਿਤ ਸਿੰਘ, ਸੁਖਵਿੰਦਰ ਸਿੰਘ, ਬਲਵੀਰ ਸਿੰਘ ਅਤੇ ਵੱਡੀ ਗਿਣਤੀ ਵਿਚ ਇਲਾਕੇ ਦੇ ਲੋਕ ਹਾਜ਼ਰ ਸਨ ।

## ਸਹਾਰਾ ਕਲੱਬ ਵੱਲੋਂ ਲਗਾਏ ਗਏ ਵੈਕਸੀਨੇਸਨ ਕੈਂਪ ਦੌਰਾਨ 357 ਲੋਕਾਂ ਦਾ ਟੀਕਾਕਰਨ ਕੀਤਾ

**ਰਾਮਾਂ ਮੰਡੀ/ਅਨਿਲ ਜੈਨ** : ਸਮਾਜ ਸੇਵੀ ਸੰਸਥਾ ਸਹਾਰਾ ਵੈਲਫੇਅਰ ਕਲੱਬ ਵੱਲੋਂ ਸੇਹਤ ਵਿਭਾਗ ਦੇ ਸਹਿਯੋਗ ਨਾਲ ਸਥਾਨਕ ਆਰੀਆ ਹਾਈ ਸਕੂਲ ਵਿਖੇ ਵੈਕਸੀਨੇਸਨ ਕੈਂਪ ਲਗਾਇਆ ਗਿਆ । ਸਹਾਰਾ ਕਲੱਬ ਦੇ ਪ੍ਰਧਾਨ ਡਾਕਟਰ ਸੋਹਣ ਲਾਲ ਕਲਿਆਣੀ ਨੇ ਦੱਸਿਆ ਕਿ ਕਲੱਬ ਵੱਲੋਂ ਭਾਠ ਬਸਤੀ ਅਤੇ ਇਸਦੇ ਨਾਲ ਲੱਗਦੇ ਏਰੀਏ ਨੂੰ ਮੁੱਖ ਰੱਖਦਿਆਂ ਇਹ ਕੈਂਪ ਲਗਾਇਆ ਗਿਆ ਤਾਂਕਿ ਵੱਧ ਤੋਂ ਵੱਧ ਲੋਕਾਂ ਦਾ ਟੀਕਾਕਰਨ ਹੋ ਸਕੇ ਤਾਂਕਿ ਇਸ ਭਿਆਨਕ ਬੀਮਾਰੀ ਨੂੰ ਠੱਲ੍ਹ ਪਾਈ ਜਾ ਸਕੇ । ਉਹਨਾਂ ਦੱਸਿਆ ਕਿ ਵੈਕਸੀਨੇਸਨ ਕੈਂਪ ਦੌਰਾਨ ਕੁੱਲ 357 ਲੋਕਾਂ ਦੇ ਕੋਵੀਸੀਲਡ ਵੈਕਸੀਨ ਲਗਾਈ ਗਈ । ਇਸ ਮੋਕੇ ਸੰਸਥਾ ਵਲੋਂ ਸੀਨੀਅਰ ਮੈਡੀਕਲ ਅਫਸਰ ਮੈਡਮ ਅਲਕਾ ਗਰਗ ਕਰੋਨਾ ਵੈਕਸੀਨ ਦੇ ਇੰਚਾਰਜ ਡਾਕਟਰ ਰਿਸੂ ਗਰਗ ਅਤੇ ਸਮੂਚੀ ਮੈਡੀਕਲ ਟੀਮ ਅਤੇ ਆਰੀਆ ਹਾਈ ਸਕੂਲ ਦੇ ਪ੍ਰਿੰਸੀਪਲ ਅਤੇ ਮੈਨੇਜਮੈਂਟ ਕਮੇਟੀ ਨੂੰ ਸਨਮਾਨਿਤ ਕੀਤਾ ਗਿਆ । ਇਸ ਮੋਕੇ ਕਲੱਬ ਦੇ ਪ੍ਰਧਾਨ ਡਾਕਟਰ ਸੋਹਣ ਲਾਲ ਕਲਿਆਣੀ , ਕੈਸੀਅਰ ਸਤੀਸ ਜੈਨ , ਵਿਸਾਲ ਗੋਇਲ , ਸੁਰੇਸ ਕੁਮਾਰ ਜੱਗਾ , ਕੇਸਵ ਅਰੋੜਾ ਮੋਕੇ ਤੇ ਮੋਜੂਦ ਸਨ ।



# ਰਾਈਸ ਬਰਾਨ ਡੀਲਰਜ਼ ਐਸੋਸੀਏਸ਼ਨ ਦੀ ਨਵੀਂ ਕਾਰਜਕਾਰਨੀ ਦਾ ਗਠਨ, ਨਵੀਨ ਸਿੰਗਲਾ ਹੋਣਗੇ ਐਸੋਸੀਏਸ਼ਨ ਦੇ ਨਵੇਂ ਪ੍ਰਧਾਨ



**ਮੋਗਾ/ਦਵਿੰਦਰ ਸਿੰਘ ਬਿੱਟੂ**

ਰਾਈਸ ਬਰਾਨ ਡੀਲਰਜ਼ ਐਸੋਸੀਏਸ਼ਨ ਰਜਿ: (128) ਵੱਲੋਂ ਪੁਰਾਣੀ ਇਕਾਈ ਨੂੰ ਭੰਗ ਕਰਦਿਆਂ ਸਰਬਸਮੰਤੀ ਨਾਲ ਨਵੀਂ ਕਾਰਜਕਾਰਨੀ ਦਾ ਗਠਨ ਕਰਕੇ ਸ਼੍ਰੀ ਨਵੀਨ ਸਿੰਗਲਾ ਨੂੰ ਐਸੋਸੀਏਸ਼ਨ ਦਾ ਨਵਾਂ ਪ੍ਰਧਾਨ ਨਿਯੁਕਤ ਕਰ ਦਿੱਤਾ ਹੈ।

ਸਰਬਸੰਮਤੀ ਨਾਲ ਹੋਈ ਚੋਣ ਮੌਕੇ ਰਾਈਸ ਬਰਾਨ ਡੀਲਰਜ਼ ਐਸੋਸੀਏਸ਼ਨ ਦੇ ਨਵੇਂ ਬਣੇ ਪ੍ਰਧਾਨ ਸ਼੍ਰੀ ਨਵੀਨ ਸਿੰਗਲਾ ਨੇ ਆਖਿਆ ਕਿ ਐਸੋਸੀਏਸ਼ਨ ਦੇ ਪ੍ਰੇਰਨਾ ਸਰੋਤ ਸਵਰਗੀ ਬਾਊ ਸ਼੍ਰੀ ਕ੍ਰਿਸ਼ਨ ਮਿੱਤਲ ਅਤੇ ਸੰਸਥਾਪਕ ਸਵਰਗੀ ਕਿਸ਼ੋਰ ਚੰਦ ਸੱਚਦੇਵਾ ਤੋਂ ਇਲਾਵਾ ਸ਼੍ਰੀ ਰਾਜ ਕਮਲ ਕਪੂਰ , ਸ਼੍ਰੀਰਾਮ ਮਿੱਤਲ, ਸ਼੍ਰੀ ਦੇਵਪ੍ਰਿਆ ਤਿਆਗੀ , ਡਾ: ਪਰਸ਼ੂਰਾਮ, ਸੁਮੀਰ ਮਿੱਤਲ ਆਦਿ ਦੀ ਸਰਪ੍ਰਸਤੀ ਵਿਚ ਐਸੋਸੀਏਸ਼ਨ ਆਪਣੀ ਕਾਰਜਸ਼ੈਲੀ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਉਣ ਲਈ ਯਤਨਸ਼ੀਲ ਰਹੇਗੀ। ਇਸ ਮੌਕੇ ਹੋਈ ਚੋਣ ਵਿਚ ਚੇਅਰਮੈਨ ਬਲਦੇਵ ਰਾਜ ਬਿੱਲਾ , ਪ੍ਰਧਾਨ ਸ਼੍ਰੀ ਨਵੀਨ ਸਿੰਗਲਾ, ਸੀਨੀਅਰ ਵਾਈਸ ਚੇਅਰਮੈਨ ਸ਼੍ਰੀ ਸੁਬੋਧ ਜਿੰਦਲ, ਵਾਈਸ ਚੇਅਰਮੈਨ ਸ਼੍ਰੀ ਰਾਕੇਸ਼ ਜੈਸਵਾਲ ਅਤੇ ਸ਼੍ਰੀ ਵਿਜੇ ਗੋਇਲ, ਸਕੱਤਰ ਸ਼੍ਰੀ ਸੁਰਿੰਦਰ ਕੁਮਾਰ ਡੱਬੂ, ਕੈਸ਼ੀਅਰ ਸ਼੍ਰੀ ਵਿਕਾਸ ਸਿੰਗਲਾ ਅਤੇ ਸੰਦੀਪ ਜਿੰਦਲ, ਵਾਈਸ ਪ੍ਰਧਾਨ ਸ਼੍ਰੀ ਵਿਵੇਸ਼ ਗੋਇਲ ਅਤੇ ਸ਼੍ਰੀ ਹਰੀਸ਼ ਧੀਰ, ਜੁਆਇੰਟ ਸਕੱਤਰ ਸ਼੍ਰੀ ਹੁਕਮ ਚੰਦ ਜਦਕਿ ਸ਼੍ਰੀ ਅਸ਼ੀਸ਼ ਬੌਬੀ, ਬਨਵਾਰੀ ਲਾਲ ਢੀਂਗਰਾ, ਰੋਹਿਤ ਜੈਰੱਥ, ਹਰਨਾਮ ਗਿੱਲ, ਗਗਨ ਕੰਬੋਜ, ਸ਼੍ਰੀ ਸੋਨੂੰ ਅਰੋੜਾ, ਸ਼੍ਰੀ ਵਿੱਕੀ ਸੱਚਦੇਵਾ, ਸ਼੍ਰੀ ਸੰਜੀਵ ਬੱਬੂ, ਸ਼੍ਰੀ ਅਸ਼ੋਕ ਮਿੱਤਲ, ਸ਼੍ਰੀ ਦੀਪਕ , ਸ਼੍ਰੀ ਮਨੀਸ਼ ਕੰਬੋਜ ਨੂੰ ਕਾਰਜਕਾਰਨੀ ਮੈਂਬਰ ਵਜੋਂ ਚੁਣਿਆ ਗਿਆ ਹੈ। ਮੀਟਿੰਗ ਦੇ ਅਖੀਰ ਵਿਚ ਐਸੋਸੀਏਸ਼ਨ ਦੇ ਪ੍ਰੇਰਨਾ ਸਰੋਤ ਸਰਪ੍ਰਸਤ ਸਵਰਗੀ ਬਾਊ ਸ਼੍ਰੀ ਕ੍ਰਿਸ਼ਨ ਮਿੱਤਲ ਜੀ ਦੇ ਅਕਾਲ ਚਲਾਣੇ ’ਤੇ ਦੋ ਮਿੰਟ ਦਾ ਮੌਨ ਰੱਖ ਕੇ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।



# ਵਿਧਾਇਕ ਡਾ: ਹਰਜੋਤ ਕਮਲ ਦੇ ਦਿਸ਼ਾ ਨਿਰਦੇਸ਼ਾਂ ’ਤੇ ਵਾਰਡ 42 ’ਚ ਬਣੇ ਪਾਰਕ ’ਚ, ਓਪਨ ਜਿੰਮ ਸਥਾਪਿਤ

**■ ਵਿਧਾਇਕ ਡਾ: ਹਰਜੋਤ ਕਮਲ ਨੇ ਹਲਕੇ ਦਾ ਕੋਈ ਕੋਨਾ ਵਿਕਾਸ ਵਿਹੂਣਾ ਨਹੀਂ ਰਹਿਣ ਦਿੱਤਾ: ਗੁਰਮਿੰਦਰਜੀਤ ਬਬਲੂ**

**ਮੋਗਾ/ਦਵਿੰਦਰ ਸਿੰਘ ਬਿੱਟੂ**

‘ਵਿਧਾਇਕ ਡਾ: ਹਰਜੋਤ ਕਮਲ ਨੇ ਹਲਕੇ ਦਾ ਕੋਈ ਕੋਨਾ ਵਿਕਾਸ ਵਿਹੂਣਾ ਨਹੀਂ ਰਹਿਣ ਦਿੱਤਾ ਅਤੇ ਉਹਨਾਂ ਦੇ ਦਿਸ਼ਾ ਨਿਰਦੇਸ਼ਾਂ ’ਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ‘ਟੀਮ ਹਰਜੋਤ’ ਪੂਰੀ ਦ੍ਰਿੜਤਾ ਨਾਲ ਕਾਰਜ ਕਰ ਰਹੀ ਹੈ।’ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਡਾ: ਹਰਜੋਤ ਕਮਲ ਦੇ ਸਿਆਸੀ ਸਲਾਹਕਾਰ ਅਤੇ ਸਾਬਕਾ ਕੌਂਸਲਰ ਗੁਰਮਿੰਦਰਜੀਤ ਸਿੰਘ ਬਬਲੂ ਨੇ ਵਾਰਡ ਨੰਬਰ 42 ‘ਚ ਬਣੇ ਪਾਰਕ ‘ਚ ਓਪਨ ਜਿੰਮ ਦਾ ਕੰਮ ਸ਼ੁਰੂ ਕਰਵਾਉਣ ਮੌਕੇ ਕੀਤਾ। ਬਬਲੂ ਨੇ ਆਖਿਆ ਕਿ ਡਾ. ਹਰਜੋਤ ਕਮਲ ਪੜੇ ਲਿਖੇ ਅਤੇ ਸੂਝਵਾਨ ਵਿਧਾਇਕ ਹਨ ਅਤੇ ਉਹਨਾਂ ਦੀ ਅਗਵਾਈ ਵਿਚ ਸ਼ਹਿਰ ਦੇ ਸਾਰੇ ਵਾਰਡਾਂ ਵਿਚ ਬਿਨਾਂ ਕਿਸੇ ਭਿੰਨ ਭੇਦ ਦੇ ਇਕਸਾਰ ਵਿਕਾਸ ਕਾਰਜ ਨੇਪਰੇ ਚੜ ਰਹੇ ਹਨ ਅਤੇ ਸਮੁੱਚੇ ਮੋਗਾ ਸ਼ਹਿਰ ਦੇ 50 ਦੇ 50 ਵਾਰਡਾਂ ਵਿਚ, ਲੋਕਾਂ ਦੀ ਮੰਗ ਮੁਤਾਬਕ , ਉਹਨਾਂ ਦੀਆਂ ਮੁਸ਼ਕਿਲਾਂ ਦੇ ਪੱਕੇ ਹੱਲ ਲਈ, ਕੰਮ ਕਰਵਾਏ ਜਾ ਰਹੇ ਹਨ । ਬਬਲੂ ਨੇ ਆਖਿਆ ਕਿ ਵਾਰਡ ਵਾਸੀਆਂ ਨੇ ਵਿਧਾਇਕ ਡਾ: ਹਰਜੋਤ ਕਮਲ ਅੱਗੇ ਮੰਗ ਰੱਖੀ ਸੀ ਕਿ ਉਹਨਾਂ ਦੇ ਪਾਰਕ ਵਿਚ ਵੀ ਹੋਰ ਪਾਰਕਾਂ ਦੀ ਤਰਜ਼ ’ਤੇ ਜਿੰਮ ਸਥਾਪਿਤ ਕੀਤਾ ਜਾਵੇ ਜਿਸ ’ਤੇ ਵਿਧਾਇਕ ਡਾ: ਹਰਜੋਤ ਕਮਲ ਨੇ ਵਾਰਡ ਵਾਸੀਆਂ ਦੀ ਮੰਗ ਪੂਰੀ ਕਰਦਿਆਂ ਜਿੰਮ ਦਾ ਸਮਾਨ ਭੇਜ ਦਿੱਤਾ ਹੈ। ਬਬਲੂ ਨੇ ਆਖਿਆ ਕਿ ਕੋਵਿਡ ਕਾਰਨ ਘਰਾਂ ਦੇ ਵਿਚ ਰਹਿਣ ਕਾਰਨ ਆਮ ਲੋਕ ਹੁਣ ਘਰਾਂ ਤੋਂ ਬਾਹਰ ਪਾਰਕਾਂ ਵਿਚ ਆਉਣਾ ਜ਼ਿਆਦਾ ਪਸੰਦ ਕਰਦੇ ਹਨ ਅਤੇ ਅਜਿਹੇ ਵਿਚ ਪਾਰਕਾਂ ਵਿਚ ਸਥਾਪਿਤ ਜਿੰਮਾਂ ’ਤੇ ਹਲਕੀ ਫੁਲਕੀ ਕਸਰਤ ਕਰਨ ਨਾਲ ਲੋਕ ਤੰਦਰੁਸਤ ਜੀਵਨ ਜਿਉਂ ਸਕਣਗੇ। ਗੁਰਮਿੰਦਰਜੀਤ ਬਬਲੂ ਨੇ ਆਖਿਆ ਕਿ ਵਾਰਡ ਨੰਬਰ 42 ਦੇ ਪਾਰਕ ‘ਚ ਓਪਨ ਜਿੰਮ ਲਗਣ ਨਾਲ ਨੇੜਲੇ ਘਰਾਂ ਦੇ ਲੋਕ ਵਿਧਾਇਕ ਡਾ: ਹਰਜੋਤ ਕਮਲ ਦਾ ਧੰਨਵਾਦ ਕਰ ਰਹੇ ਹਨ । ਪਾਰਕ ਵਿਚ ਜਿੰਮ ਸਥਾਪਿਤ ਕਰਨ ਮੌਕੇ ਗੁਰਮਿੰਦਰਜੀਤ ਬਬਲੂ ਨਾਲ ਡਾ: ਕੁਲਦੀਪ ਸਿੰਘ ਮੱਲੀ, ਭੁਪਿੰਦਰ ਸਿੰਘ ਭਿੰਦਰ, ਰਿੰਕੂ, ਭੋਲਾ ਸਿੰਘ, ਛਿੰਦਾ ਬਾਬਾ, ਕੁਲਵੰਤ ਸਿੰਘ ਨੈਸਲੇ , ਡਾ: ਸੁਰਿੰਦਰ, ਕੁਲਦੀਪ ਸਿੰਘ, ਸਾਹਿਲ ਕੁਮਾਰ ਜਿੰਦਲ ਅਤੇ ਅਮਨ ਆਦਿ ਹਾਜ਼ਰ ਸਨ।

# ਬਲਵੀਰ ਸਿੰਘ ਪਟਵਾਰੀ ਬਣੇ ‘ਦੀ ਰੈਵੀਨਿਊ ਪਟਵਾਰ ਯੂਨੀਅਨ ਧਰਮਕੋਟ’ ਦੇ ਤਹਿਸੀਲ ਪ੍ਰਧਾਨ



**ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਅੱਜ ਦੀ ਰੈਵੀਨਿਊ ਪਟਵਾਰ ਯੂਨੀਅਨ ਧਰਮਕੋਟ ਦੇ ਤਹਿਸੀਲ ਪ੍ਰਧਾਨ ਦੀ ਚੋਣ ਕੀਤੀ ਗਈ। ਜਿਸ ਵਿੱਚ ਬਲਵੀਰ ਸਿੰਘ ਪਟਵਾਰੀ ਨੂੰ ਸਰਵਸੰਮਤੀ ਨਾਲ ਤਹਿਸੀਲ ਪ੍ਰਧਾਨ ਚੁਣਿਆ ਗਿਆ।ਇਹ ਚੋਣ ਸ੍ਰੀ ਹਰਪ੍ਰੀਤ ਸਿੰਘ ਜਲ੍ਹਿਾ ਜਨਰਲ ਸਕੱਤਰ,ਅਨੂਪ ਸਿੰਘ ਖਜਾਨਚੀ ਅਤੇ ਹਰਮਨਜੀਤ ਸਿੰਘ ਸਰਾਂ ਦੀ ਰਹਿਨੁਮਾਈ ਹੇਠ ਹੋਈ। ਤਹਿਸੀਲ ਜਨਰਲ ਸਕੱਤਰ ਨਿਰਭੈ ਸਿੰਘ ਪਟਵਾਰੀ ਵੱਲੋਂ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਸਾਬਕਾ ਤਹਿਸੀਲ ਪ੍ਰਧਾਨ ਸ੍ਰੀ ਰਾਜ ਕੰਵਲ ਸਿੰਘ ਵੱਲੋਂ ਨਿੱਜੀ ਕਾਰਣਾਂ ਕਰਕੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਗਿਆ ਸੀ। ਜਿਸ ਕਰਕੇ ਇਹ ਚੋਣ ਪ੍ਰਕ੍ਰਿਆ ਮੁਕੰਮਲ ਕੀਤੀ ਗਈ। ਨਵਨਿਯੁਕਤ ਤਹਿਸੀਲ ਪ੍ਰਧਾਨ ਬਲਵੀਰ ਸਿੰਘ ਪਟਵਾਰੀ ਵੱਲੋਂ ਸਾਰੇ ਹਾਜਰੀਨ ਦਾ ਧੰਨਵਾਦ ਕੀਤਾ ਗਿਆ ਅਤੇ ਭਰੋਸਾ ਦਿਵਾਇਆ ਗਿਆ ਕਿ ਉਹ ਜਥੇਬੰਦੀ ਲਈ ਤਨ ਮਨ ਨਾਲ ਸਮਰਪਿਤ ਹੋਣਗੇ ਅਤੇ ਮਾਲ ਮਹਿਕਮੇ ਦੇ ਕੰਮਾਂ ਵਿੱਚ ਪਟਵਾਰੀਆਂ ਨੂੰ ਆਉਣ ਵਾਲੀਆਂ ਮੁਸਕਿਲਾਂ ਨੂੰ ਸੁਲਝਾਉਣ ਲਈ ਵਚਨਬੱਧ ਹੋਣਗੇ।ਇਸ ਮੌਕੇ ਰਣਜੀਤ ਸਿੰਘ ਖਜਾਨਚੀ, ਨੇਤਰਪਾਲ ਕਾਨੂੰਗੋ, ਨਵਦੀਪ ਸਿੰਘ ਪਟਵਾਰੀ, ਪਦਾਰਥ ਸਿੰਘ ਪਟਵਾਰੀ, ਜਗਦੇਵ ਸਿੰਘ ਪਟਵਾਰੀ, ਲਾਲ ਚੰਦ ਪਟਵਾਰੀ, ਖਵਿੰਦਰ ਕੁਮਾਰ ਪਟਵਾਰੀ, ਰੇਸਮ ਸਿੰਘ ਪਟਵਾਰੀ, ਹਰੀਸ ਕੁਮਾਰ ਪਟਵਾਰੀ ਆਦਿ ਹਾਜਰ ਸਨ।

# ਲਾਇਨਜ ਕਲੱਬ ਡੇਰਾਬੱਸੀ ਦੀ ਨਵੀਂ ਚੁਣੀ ਟੀਮ ਦਾ ਤਾਜਪੋਸ਼ੀ ਸਮਾਗਮ

**ਜ਼ੀਰਕਪੁਰ/ਡੇਰਾਬਸੀ/ਰਵੀ ਜੀਰਕਪੁਰ**

ਲਾਇਨਜ ਕਲੱਬ ਡੇਰਾਬੱਸੀ ਦੇ ਨਵੇਂ ਚੁਣੇ ਗਏ ਪ੍ਰਧਾਨ ਡਾ ਬਰਖਾ ਰਾਮ ਦੀ ਅਗਵਾਈ ਹੇਠਲੀ ਟੀਮ ਦਾ ਤਾਜਪੋਸ਼ੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਐਮ ਜੇ ਐਫ ਲਾਇਨ ਨਿਕੇਸ ਗਰਗ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ ਜਦਕਿ ਡਿਸਟ੍ਰਿਕਟ ਗਵਰਨਰ ਲਾਇਨ ਜੀ ਐਸ ਕਾਲਰਾ, ਜੇ ਪੀ ਸਹਿਦੇਵ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਦਿਆ ਨਵੀਂ ਚੁਣੀ ਟੀਮ ਨੂੰ ਮੁਬਾਰਕਬਾਦ ਦਿੱਤੀ ਅਤੇ ਕਲੱਬ ਵਿੱਚ ਸ਼ਾਮਲ ਨਵੇਂ ਮੈਂਬਰਾਂ ਦਾ ਸੁਆਗਤ ਕੀਤਾ।ਮੁੱਖ ਮਹਿਮਾਨ ਨਿਕੇਸ ਗਰਗ ਨੇ ਡੇਰਾਬਸੀ ਕਲੱਬ ਵੱਲੋਂ ਇਲਾਕੇ ਵਿੱਚ ਕੀਤੇ ਜਾ ਰਹੇ ਲੋਕ ਭਲਾਈ ਦੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਸਮਾਜ ਸੇਵਾ ਦੇ ਕੰਮ ਇਸੇ ਤਰ ਾਂ ਨਿਰੰਤਰ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ। ਉਨ ਾਂ ਨੇ ਲੋਕਾਂ ਨੂੰ ਵੱਖ ਵੱਖ ਬਿਮਾਰੀਆਂ ਤੋਂ ਬਚਾਉਣ ਲਈ ਜਾਗਰੂਕਤਾ ਅਤੇ ਮੈਡੀਕਲ ਕੈਂਪ ਲਗਾਉਣ ਦੀ ਸਲਾਹ ਦਿੱਤੀ ਅਤੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਨੂੰ ਸਿਲਾਈ ਮਸ਼ੀਨਾਂ ਮੁਹੱਈਆ ਕਰਵਾਉਣ ਲਈ ਆਖਿਆ।ਪ੍ਰੋਜੈਕਟ ਚੇਅਰਮੈਨ ਲਾਇਨ ਕੇ ਪੀ ਸ਼ਰਮਾ ਦੀ ਅਗਵਾਈ ਹੇਠ ਆਯੋਜਿਤ ਇਸ ਸਮਾਗਮ ਦੌਰਾਨ ਵੱਖ ਵੱਖ ਸਕੂਲਾਂ ਦੇ ਅਧਿਆਪਕਾਂ ਸਮੇਤ ਸਮਾਜ ਸੇਵੀ ਤੇ ਧਾਰਮਿਕ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਉਨ ਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਲਾਇਨਜ ਕਲੱਬ ਡੇਰਾਬੱਸੀ ਪਿਛਲੇ ਕਈ ਸਾਲਾਂ ਤੋਂ ਖਾਸਕਰਕੇ ਕੋਰੋਨਾ ਮਹਾਂਮਾਰੀ ਦੇ ਦੌਰਾਨ ਲੋੜਵੰਦਾਂ ਦੀ ਡੱਟ ਕੇ ਮਦਦ ਕੀਤੀ। ਨਵੇਂ ਚੁਣੇ ਪ੍ਰਧਾਨ ਡਾ ਬਰਖਾ ਰਾਮ, ਜਨਰਲ ਸਕੱਤਰ ਸਨੰਤ ਭਾਰਦਵਾਜ ਅਤੇ ਖ਼ਜ਼ਾਨਚੀ ਰਵਿੰਦਰ ਸੈਣੀ ਨੇ ਲਾਇਨਜ ਕਲੱਬ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਿਵਾਇਆ ਉਹ ਅਤੇ ਉਨ ਾਂ ਦੀ ਸਮੁੱਚੀ ਟੀਮ ਕਲੱਬ ਨੂੰ ਹੋਰ ਬੁਲੰਦੀਆਂ ਤੇ ਲਿਜਾਣ ਅਤੇ ਅਤੇ ਲੋਕਾਂ ਦੀ ਸੇਵਾ ਲਈ ਹਮੇਸ਼ਾ ਤਤਪਰ ਰਹਿਣਗੇ। ਉਨ ਾਂ ਨੇ ਦੱਸਿਆ ਕਿ ਛੇਤੀ ਹੀ ਵਾਤਾਵਰਣ ਦੀ ਸ਼ੁੱਧਤਾ ਲਈ ਸਕੂਲਾਂ, ਕਾਲਜਾਂ, ਸ਼ਮਸ਼ਾਨ ਘਾਟ, ਕਬਰਸਤਾਨਾਂ ਸਮੇਤ ਹੋਰ ਸਾਂਝੀਆਂ ਥਾਵਾਂ ਤੇ ਫ਼ਲਦਾਰ ਅਤੇ ਫੁੱਲਦਾਰ ਬੂਟੇ ਲਗਾਏ ਜਾਣਗੇ ਅਤੇ ਸਮਾਜਿਕ ਕੁਰੀਤੀਆਂ ਦੇ ਖਿਲਾਫ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ ਗਾ।ਇਸ ਮੌਕੇ ਕੁਲਦੀਪ ਸਿੰਘ ਰੰਗੀ, ਗੁਰਦੀਪ ਸਿੰਘ ਚਹਿਲ, ਸੁਭਾਸ਼ ਚੋਪੜਾ, ਸੁਸ਼ੀਲ ਧੀਮਾਨ, ਮਹਿੰਦਰਪਾਲ, ਅਧਿਆਪਕ ਸਾਧਨਾ ਸੰਗਰ, ਕਰਮ ਸਿੰਘ, ਪੂਜਾ, ਊਸ਼ਾ ਮਿਤਲ, ਉਪੇਸ਼ ਬੰਸਲ ਸਮੇਤ ਹੋਰ ਪਤਵੰਤੇ ਮੌਜੂਦ ਸਨ।

ਦੇਸ਼-ਵਿਦੇਸ਼ ਤੋਂ ਅਖ਼ਬਾਰ ਨੂੰ ਪੱਤਰਕਾਰ, ਲੇਖਕਾਂ ਦੀ ਲੋੜ ਹੈ ਚਾਹਵਾਨ ਸੰਪਰਕ ਕਰਨ ਪਤਾ-ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 0181-2211009, 99155-94111